## ਅਧਿਆਇ 39

# ਜਾਜਕਾਂ ਦੇ ਬਸਤ੍ਰਾਂ ਦਾ ਬਣਾਇਆ ਜਾਣਾ ਅਤੇ ਡੇਹਰੇ ਦੀ ਪ੍ਰਦਰਸ਼ਣ

ਕੂਚ 39 ਦੋ ਭਾਗਾਂ ਦਾ ਬਣਿਆ ਹੈ। ਪਹਿਲੇ ਭਾਗ ਵਿਚ ਜਾਜਕਾਂ ਦੇ ਬਸਤ੍ਰਾਂ ਦੇ ਬਣਾਏ ਜਾਣ ਬਾਰੇ ਦੱਸਿਆ ਗਿਆ ਹੈ (39:1-31)। ਇਨ੍ਹਾਂ ਬਸਤ੍ਰਾਂ ਵਿਚ ਏਫੋਦ ਅਤੇ ਸੁਲੇਮਾਨੀ ਪੱਥਰ (39:1-7), ਸੀਨਾ ਬੰਦ (39:8-21), ਚੋਗ਼ਾ (39:22-26), ਅਤੇ ਕੁੜਤੇ, ਅਮਾਮੇ, ਪੱਗਾਂ, ਮਹੀਨ ਕਤਾਨ ਦੀਆਂ ਕੱਛਾਂ, ਅਤੇ ਚਮਕੀਲਾ ਪੱਤ੍ਰ (39:27-31)। ਦੂਸਰਾ ਭਾਗ (39:32-43) ਡੇਹਰੇ ਦੇ ਨਿਰਮਾਣ ਦੇ ਵਿਸ਼ੇ ਦੇ ਸੰਪੂਰਣ ਭਾਗ ਦੇ ਸਿੱਟੇ ਦੇ ਰੂਪ ਵਿਚ ਕੰਮ ਕਰਦਾ ਹੈ (35:1-39:43)। ਇਸ ਵਿਚ ਨਿਰਮਾਣ ਦੇ ਕੰਮ ਦੇ ਪੂਰੇ ਹੋਣ, ਮੂਸਾ ਦੇ ਸਾਹਮਣੇ ਤਿਆਰ ਚੀਜ਼ਾਂ ਦੀ ਪੇਸ਼ਕਾਰੀ, ਅਤੇ ਉਸ ਦੀ ਪ੍ਰਵਾਨਗੀ (ਜਿਸਦਾ ਅਰਥ ਪਰਮੇਸ਼ੁਰ ਦੀ ਪ੍ਰਵਾਨਗੀ ਹੈ), ਤੇ ਜ਼ੋਰ ਦਿੱਤਾ ਗਿਆ ਹੈ।

## ਜਾਜਕਾਂ ਦੇ ਲਈ ਬਸਤ੍ਰ ਬਣਾਉਣਾ (39:1-31)

ਅਧਿਆਇ ਦਾ ਪਹਿਲਾ ਭਾਗ ਇਸ ਤੱਥ ਤੇ ਜ਼ੋਰ ਦਿੰਦਾ ਹੈ ਕਿ ਇਸਰਾਏਲੀਆਂ ਨੇ ਜਾਜਕਾਂ ਦੇ ਬਸਤ੍ਰਾਂ ਨੂੰ "ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ" ਠੀਕ ਉਸੇ ਤਰ੍ਹਾਂ ਬਣਾ ਕੇ ਪਰਮੇਸ਼ੁਰ ਦੀ ਆਗਿਆਕਾਰੀ ਕੀਤੀ। ਇਹ ਵਾਕ ਇਸ ਭਾਗ ਦੇ ਹਰ ਇੱਕ ਪੈਰੇ ਦੇ ਅੰਤ ਵਿਚ ਆਉਂਦਾ ਹੈ (39:1, 5, 7, 21, 26, 29, 31)। ਇਨ੍ਹਾਂ ਕੱਪੜਿਆਂ ਦੇ ਲਈ ਮੂਲ ਹਿਦਾਇਤਾਂ ਅਧਿਆਇ 28 ਵਿਚ ਪਰਗਟ ਹੁੰਦੀਆਂ ਹਨ।

| ਹਿਦਾਇਤਾਂ | ਬਸਤ੍ਰ | ਨਿਰਮਾਣ |
|---|---|---|
| 28:6-14 | ਏਫ਼ੋਦ | 39:1-7 |
| 28:15-30 | ਸੀਨਾ ਬੰਦ | 39:8-21 |
| 28:31-35 | ਚੋਗ਼ਾ | 39:22-26 |
| 28:36-38 | ਚਮਕੀਲਾ ਪੱਤ੍ਰ | 39:30, 31 |
| 28:39-43 | ਕੁੜਤੇ, ਅਮਾਮੇ, ਪੱਗਾਂ, ਕੱਛਾਂ, ਪਟਕੇ | 39:27-29 |

ਕੂਚ 28 ਅਤੇ 39 ਦੇ ਵਿਚਕਾਰ ਸਮਾਨਤਾ ਬਹੁਤ ਹੀ ਮਹੱਤਵਪੂਰਣ ਹੈ। ਕੱਪੜਿਆਂ ਦੇ ਬਣਾਏ ਜਾਣ ਦਾ ਵਰਣਨ ਕਰਨ ਵਾਲੇ ਸ਼ਬਦ ਅਕਸਰ ਹਿਦਾਇਤਾਂ ਵਿਚ ਦਿੱਤੇ ਗਏ ਸ਼ਬਦਾਂ ਦੇ ਲਗਭਗ ਸਮਾਨ ਹੁੰਦੇ ਹਨ। (ਉਦਾਹਰਣ ਦੇ ਲਈ, ਤੁਲਨਾ ਕਰੋ 28:17-21 ਅਤੇ 39:10-14.)

ਭਾਵੇਂ ਜਾਜਕਾਂ ਦੇ ਬਸਤਰਾਂ ਦੇ ਦੋ ਵਰਣਨ ਸਮਾਨ ਹਨ, ਫਿਰ ਵੀ, ਉਨ੍ਹਾਂ ਦੇ ਵਿਚਕਾਰ

ਦਿਲਚਸਪ ਅੰਤਰ ਹਨ। ਇੱਕ ਮਹੱਤਵਪੂਰਣ ਅੰਤਰ ਇਹ ਹੈ ਕਿ ਅਧਿਆਇ 28 ਸਪੱਸ਼ਟੀਕਰਣ ਪ੍ਰਦਾਨ ਕਰਦਾ ਹੈ - ਇਹ ਕਾਰਣ ਦਿੰਦਾ ਹੈ ਕਿ "ਕਿਉਂ" - ਜੋ ਅਧਿਆਇ 39 ਵਿਚ ਕਾਰਜ ਦੇ ਸੰਪੂਰਣ ਹੋਣ ਦੀ ਕਹਾਣੀ ਵਿਚ ਨਹੀਂ ਪਾਇਆ ਜਾ ਸਕਦਾ ਹੈ। ਇਨ੍ਹਾਂ ਵਿਆਖਿਆਵਾਂ ਦੀਆਂ ਕਈ ਮਿਸਾਲਾਂ ਹਨ। (1) ਹਾਰੂਨ ਦੇ ਬਸਤ੍ਰ "ਪਰਤਾਪ ਅਤੇ ਸੁਹੱਪਣ" ਲਈ ਬਣਾਏ ਗਏ ਸਨ (28:2)। (2) ਸੀਨਾ ਬੰਦ ਇੱਕ "ਨਿਆਉਂ ਦਾ ਸੀਨਾ ਬੰਦ" ਸੀ ਜਿਸ ਵਿਚ "ਊਰੀਮ ਅਰ ਤੁੰਮੀਮ" ਜੜੇ ਹੋਏ ਸਨ (28:15, 29, 30)। (3) ਮਹਾਂ ਜਾਜਕ ਦੇ ਕੱਪੜਿਆਂ ਤੇ ਘੁੰਗਰੂ ਇਸ ਲਈ ਲਾਏ ਹੋਏ ਸਨ ਤਾਂਕਿ ਉਨ੍ਹਾਂ ਦੀ ਅਵਾਜ਼ "ਸੁਣਾਈ ਦੇਵੇ ਜਦ ਉਹ ਯਹੋਵਾਹ ਦੇ ਪਵਿੱਤ੍ਰ ਅਸਥਾਨ ਵਿੱਚ ਵੜੇ ਯਾਂ ਨਿੱਕਲੇ ਤਾਂ ਜੋ ਉਹ ਮਰ ਨਾ ਜਾਵੇ" (28:35)। (4) ਕਤਾਨ ਦੀਆਂ ਕੱਛਾਂ "ਉਨ੍ਹਾਂ [ਜਾਜਕਾਂ] ਦੇ ਨੰਗੇਜ ਦੇ ਕੱਜਣ ਲਈ" ਬਣਾਈਆਂ ਜਾਂਦੀਆਂ ਸਨ ਤਾਂਕਿ ਅਜਿਹਾ ਨਾ ਹੋਵੇ ਕਿ ਜਗਵੇਦੀ ਉੱਤੇ ਉਪਾਸਨਾ ਕਰਨ ਦੇ ਵੇਲੇ "ਓਹ ਅਪਰਾਧੀ ਹੋਕੇ ਮਰਨ" (28:42, 43)।

ਦੋਵਾਂ ਹਵਾਲਿਆਂ ਵਿਚਲੇ ਅੰਤਰ ਅਤੇ ਸਮਾਨਤਾਵਾਂ ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਹਵਾ ਦਿੰਦੀਆਂ ਹਨ। ਉਹ ਅਸਲ ਵਿਚ ਉਹੀ ਹਨ ਜਿਨ੍ਹਾਂ ਨੂੰ ਕੋਈ ਖੋਜਣ ਦੀ ਉਮੀਦ ਕਰੇਗਾ। ਸਮਾਨਤਾਵਾਂ ਇਸ ਗੱਲ ਨੂੰ ਸਾਬਤ ਕਰਦੀਆਂ ਹਨ ਕਿ ਇੱਕੋ ਘਟਨਾ ਦੇ ਦੋ ਵੱਖ ਵੱਖ ਅਤੇ ਪਰਸਪਰ ਵਿਰੋਧੀ ਖਾਤੇ ਨਹੀਂ ਸਨ; ਅੰਤਰ ਇਸ ਗੱਲ ਨੂੰ ਸਾਬਤ ਕਰਦੇ ਹਨ ਕਿ ਇੱਕ ਖਾਤੇ ਵਿਚ ਦੂਸਰੇ ਦੀ ਘਟੀਆ ਨਕਲ ਸ਼ਾਮਲ ਨਹੀਂ ਹੈ।

ਦੋਵੇਂ ਖਾਤੇ, ਭਾਵੇਂ ਮਿਲਦੇ-ਜੁਲਦੇ ਹਨ, ਪਰ, ਇਨ੍ਹਾਂ ਦਾ ਜ਼ੋਰ ਵੱਖੋ ਵੱਖ ਵਿਸ਼ਿਆਂ ਤੇ ਹੈ। ਅਧਿਆਇ 28 ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਕੀ ਕੀਤਾ ਜਾਣਾ ਚਾਹੀਦਾ ਸੀ ਅਤੇ ਕਿਉਂ; ਇਹ ਬਸਤ੍ਰਾਂ ਦੇ ਆਤਮਕ ਮਹੱਤਵ ਤੇ ਵਧੇਰੇ ਜ਼ੋਰ ਦਿੰਦਾ ਹੈ। ਅਧਿਆਇ 39 ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਪਹਿਲੀਆਂ ਹਿਦਾਇਤਾਂ ਦਾ ਪਾਲਣ ਕੀਤਾ ਗਿਆ ਸੀ ਅਤੇ, ਕਈਆਂ ਮਾਮਲਿਆਂ ਵਿਚ, ਉਨ੍ਹਾਂ ਨੂੰ ਕਿਵੇਂ ਕੀਤਾ ਗਿਆ ਸੀ। ਅਧਿਆਇ 39 ਵਿਚ ਵਧੇਰੇ ਜ਼ੋਰ ਕੱਪੜਿਆਂ ਜਾਂ ਉਨ੍ਹਾਂ ਨੂੰ ਪਹਿਨਣ ਵਾਲੇ ਜਾਜਕਾਂ ਤੇ ਨਹੀਂ ਦਿੱਤਾ ਗਿਆ ਹੈ, ਪਰ ਇਸ ਤੱਥ ਤੇ ਦਿੱਤਾ ਗਿਆ ਹੈ ਕਿ ਮੂਸਾ ਅਤੇ ਇਸਰਾਏਲੀਆਂ ਨੇ ਬਸਤ੍ਰਾਂ ਨੂੰ ਬਣਾਉਣ ਵਿਚ ਪੂਰੀ ਤਰ੍ਹਾਂ ਨਾਲ ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਪਾਲਣ ਕੀਤਾ ਸੀ।

ਇਸਰਾਏਲ ਦੀ ਆਗਿਆਕਾਰੀ ਤੇ ਜ਼ੋਰ ਦੀ ਧਾਰਾ ਇਸ ਭਾਗ (ਅਧਿਆਏ 35-39) ਨੂੰ ਇਜਾਜ਼ਤ ਦਿੰਦੀ ਹੈ ਕਿ ਉਹ (ਅਧਿਆਇ 32) ਦੀ ਸੋਨੇ ਦੇ ਬੱਛੇ ਵਾਲੀ ਅਣਆਗਿਆਕਾਰੀ ਦੀ ਘਟਨਾ ਦੇ ਉਲਟ ਖੜਾ ਹੋਵੇ। ਲਿਖਤ ਪਾਠਕ ਨੂੰ ਦੱਸਦੀ ਹੈ: ਕਿ ਭਾਵੇਂ ਇਸਰਾਏਲੀ ਪੂਰੀ ਤਰ੍ਹਾਂ ਨਾਲ ਅਤੇ ਭਿਆਨਕ ਰੀਤਿ ਨਾਲ ਡਿੱਗ ਪਏ ਸਨ, ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ ਸੀ, ਪਰ ਲੋਕ ਮੁੜੇ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ। ਨਤੀਜੇ ਵਜੋਂ, ਲੋਕਾਂ ਨੇ, ਆਪਣੇ ਪਰਾਸਚਿਤ ਦੇ ਸਬੂਤ ਦੇ ਤੌਰ ਤੇ ਬਿਲਕੁਲ ਉਸੇ ਤਰ੍ਹਾਂ ਕਰ ਕੇ ਜਿਵੇਂ ਉਸ ਨੇ ਉਨ੍ਹਾਂ ਨੂੰ ਕਿਹਾ ਸੀ ਪ੍ਰਭੂ ਦੀ ਆਗਿਆਕਾਰੀ ਕੀਤੀ ਸੀ।

### ਏਫੋਦ ਅਤੇ ਸੁਲੇਮਾਨੀ ਪੱਥਰ (39:1-7)

**[1]ਉਨ੍ਹਾਂ ਨੇ ਮਹੀਨ ਉਣਤੀ ਦਾ ਨੀਲਾ, ਬੈਂਗਣੀ ਅਤੇ ਕਿਰਮਚੀ ਬਸਤ੍ਰ ਪਵਿੱਤ੍ਰ ਅਸਥਾਨ ਦੀ ਉਪਾਸਨਾ ਲਈ ਬਣਾਇਆ ਅਤੇ ਹਾਰੂਨ ਲਈ ਪਵਿੱਤ੍ਰ ਬਸਤ੍ਰ ਬਣਾਏ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। [2]ਅਤੇ ਉਸ ਨੇ ਏਫੋਦ ਨੂੰ ਸੋਨੇ ਨੀਲੇ, ਬੈਂਗਣੀ ਅਤੇ ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਬਣਾਇਆ। [3]ਫੇਰ ਉਨ੍ਹਾਂ ਨੇ ਸੋਨੇ ਨੂੰ ਕੁੱਟ ਕੇ ਪਤਲੇ ਪਤਲੇ ਪੱਤ੍ਰ ਬਣਾਏ ਅਤੇ ਉਨ੍ਹਾਂ ਤੋਂ**

**ਬਰੀਕ ਤਾਰਾਂ ਬਣਾਈਆਂ ਅਤੇ ਉਸ ਨੂੰ ਨੀਲੇ ਬੈਂਗਣੀ ਅਰ ਕਿਰਮਚੀ ਮਹੀਨ ਕਤਾਨ ਵਿੱਚ ਕਾਰੀਗਰੀ ਨਾਲ ਉਣਿਆ। [4]ਉਨ੍ਹਾਂ ਨੇ ਮੋਢਿਆਂ ਦੀਆਂ ਕਤਰਾਂ ਬਣਾਕੇ ਜੋੜੀਆਂ ਅਤੇ ਓਹ ਉਸ ਦੇ ਦੋਹਾਂ ਸਿਰਿਆਂ ਨਾਲ ਜੁੜ ਗਈਆਂ। [5]ਕਾਰੀਗਰੀ ਨਾਲ ਕੱਢਿਆ ਹੋਇਆ ਪਟਕਾ ਜਿਹੜਾ ਉਹ ਦੇ ਉੱਤੇ ਕੱਸਣ ਲਈ ਸੀ ਉਸ ਦੇ ਕੰਮ ਅਨੁਸਾਰ ਉਸੇ ਤੋਂ ਸੀ ਅਰਥਾਤ ਸੋਨੇ ਨੀਲੇ ਬੈਂਗਣੀ ਅਤੇ ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਸੀ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ। [6]ਉਨ੍ਹਾਂ ਨੇ ਸੁਲੇਮਾਨੀ ਪੱਥਰ ਸੋਨੇ ਦੇ ਖ਼ਾਨਿਆਂ ਵਿੱਚ ਪਾਉਣ ਲਈ ਛਾਪ ਦੀ ਉਕਰਾਈ ਵਾਂਙੁ ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ ਅਨੁਸਾਰ ਉੱਕਰ ਕੇ ਬਣਾਏ। [7]ਉਸ ਨੇ ਉਨ੍ਹਾਂ ਨੂੰ ਏਫੋਦ ਦੇ ਮੋਢਿਆਂ ਦੀਆਂ ਕਤਰਾਂ ਉੱਤੇ ਰੱਖਿਆ ਤਾਂ ਜੋ ਇਸਰਾਏਲ ਦੇ ਪੁੱਤ੍ਰਾਂ ਦੀ ਯਾਦਗਾਰੀ ਦੇ ਪੱਥਰ ਹੋਣ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤ 1.** ਕਿਤਾਬ ਦੇ ਹੋਰ ਭਾਗਾਂ (ਵੇਖੋ 40:1, 2, 17) ਦੇ ਵਾਂਗ, ਇਹ ਅਧਿਆਇ, ਆਉਣ ਵਾਲੀਆਂ ਗੱਲਾਂ ਦੇ ਸਾਰ ਦੇ ਨਾਲ ਸ਼ੁਰੂ ਹੁੰਦਾ ਹੈ। ਅਸਲ ਵਿਚ, ਲੇਖਕ ਨੇ ਕਿਹਾ, "ਅੱਗੇ ਮੈਂ ਵਰਣਨ ਕਰਾਂਗਾ ਕਿ ਉਨ੍ਹਾਂ ਨੇ ਜਾਜਕਾਈ ਬਸਤ੍ਰ ਕਿਵੇਂ ਬਣਾਏ ਸਨ।" ਫਿਰ ਉਹ ਠੀਕ ਉਹੀ ਕਰਨ ਦੇ ਲਈ ਅੱਗੇ ਵਧਿਆ। **ਪਵਿੱਤ੍ਰ ਅਸਥਾਨ ਦੀ ਉਪਾਸਨਾ** ਕਰਨ ਵਾਲੇ ਜਾਜਕਾਂ ਦੇ ਦੁਆਰਾ ਪਹਿਨੇ ਜਾਣ ਵਾਲੇ **ਬਸਤ੍ਰ** [ਬਸਤ੍ਰਾਂ] ਅਤੇ **ਹਾਰੂਨ** ਅਤੇ ਉਸ ਤੋਂ ਬਾਅਦ ਆਉਣ ਵਾਲੇ ਮਹਾਂ ਜਾਜਕਾਂ ਦੇ **ਲਈ ਪਵਿੱਤ੍ਰ ਬਸਤ੍ਰ** [ਬਸਤ੍ਰਾਂ] ਵਿਚ ਇੱਕ ਫਰਕ ਕੀਤਾ ਗਿਆ ਹੈ।

ਇਸਰਾਏਲ ਨੇ ਜਾਜਕਾਈ ਬਸਤ੍ਰਾਂ ਨੂੰ ਉਸ ਤਰ੍ਹਾਂ ਬਣਾ ਕੇ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ** ਪਰਮੇਸ਼ੁਰ ਦੇ ਹੁਕਮ ਨੂੰ ਪੂਰਾ ਕੀਤਾ। ਆਰ. ਐਲਨ ਕੋਲ ਨੇ ਦੱਸਿਆ ਕਿ ਇਹ ਵਾਕ ਇਸ ਭਾਗ ਵਿਚ ਸੱਤ ਵਾਰ (39:1, 5, 7, 21, 26, 29, 31), ਇਸ ਦੇ ਨਾਲ ਨਾਲ ਅਗਲੇ ਅਧਿਆਇ ਵਿਚ (40:19, 21, 23, 25, 27, 29, 32) ਦਿਖਾਈ ਦਿੱਤਾ ਹੈ। ਉਸ ਨੇ ਸਮਝਾਇਆ ਕਿ ਇਹ ਜਾਣ-ਬੁੱਝ ਕੇ ਆਇਆ ਦੁਹਰਾਓ "ਪਰਮੇਸ਼ੁਰ ਦੀ ਹਿਦਾਇਤ ਨੂੰ ਪੂਰਾ ਕਰਨ ਵਿਚ ਮੂਸਾ ਦੀ ਈਮਾਨਦਾਰੀ" (ਕੂਚ 25:9)" ਅਤੇ "ਪਰਮੇਸ਼ੁਰ ਦੀ ਵਿਸ਼ਵਾਸਯੋਗਤਾ" ਵੱਲ ਇਸ਼ਾਰਾ ਕਰਦਾ ਹੈ ਜੋ "ਉਨ੍ਹਾਂ ਦੀ ਆਰੰਭਿਕ ਅਸਫਲਤ ਦੇ ਬਾਵਜੂਦ ਵੀ, ਆਪਣੇ ਲੋਕਾਂ ਦੇ ਵਿਚਕਾਰ ਵਾਸ ਕਰੇਗਾ।"[1]

**ਆਇਤਾਂ 2-5.** ਪਹਿਲਾਂ, **ਏਫੋਦ ਨੂੰ ਬਣਾਇਆ** ਗਿਆ ਸੀ। ਇਸ ਗੱਲ ਨੂੰ ਨੋਟ ਕਰੋ ਕਿ ਆਇਤ 1 ਕਹਿੰਦੀ ਹੈ ਕਿ "ਉਨ੍ਹਾਂ" ਬਸਤ੍ਰ ਬਣਾਏ, ਜਦਕਿ ਆਇਤ 2 ਕਹਿੰਦੀ ਹੈ ਕਿ **ਉਸ ਨੇ** ਏਫੋਦ ਬਣਾਇਆ। 39:1-31 ਵਿਚ, ਪੜਨਾਂਵ "ਉਨ੍ਹਾਂ" (39:1, 3, 4, 6, 9, 10, 15, 16, 17, 18, 19, 20, 21, 24, 25, 27, 30, 31) ਅਤੇ "ਉਹ" (39:2, 7, 8, 22) ਆਪਸ ਵਿਚ ਬਦਲਦੇ ਹੋਏ ਬਸਤ੍ਰਾਂ ਨੂੰ ਬਣਾਉਣ ਵਾਲਿਆਂ ਨੂੰ ਦਰਸਾਉਂਦੇ ਹਨ। "ਉਹ" ਬਸਲਏਲ ਅਤੇ "ਉਨ੍ਹਾਂ" ਡੇਹਰੇ ਵਿਚ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਦਰਸਾਉਂਦਾ ਹੈ।[2]

ਅਧਿਆਇ 28 ਵਿਚ ਮਿਲੀ ਇੱਕੋ ਇੱਕ ਵਾਧੂ ਜਾਣਕਾਰੀ ਇਹ ਹੈ ਕਿ ਏਫੋਦ ਦੇ ਲਈ ਸੋਨੇ ਦੀ ਸਮੱਗਰੀ ਤੇ ਕਿਵੇਂ ਕੰਮ ਕੀਤਾ ਗਿਆ ਸੀ: ਫੇਰ ਉਨ੍ਹਾਂ ਨੇ ਸੋਨੇ ਨੂੰ ਕੁੱਟ ਕੇ ਪਤਲੇ ਪਤਲੇ ਪੱਤ੍ਰ ਬਣਾਏ ਅਤੇ ਉਨ੍ਹਾਂ ਤੋਂ ਬਰੀਕ ਤਾਰਾਂ ਬਣਾਈਆਂ ਅਤੇ ਉਸ ਨੂੰ ਨੀਲੇ ਬੈਂਗਣੀ ਅਰ ਕਿਰਮਚੀ ਮਹੀਨ ਕਤਾਨ ਵਿੱਚ ਕਾਰੀਗਰੀ ਨਾਲ ਉਣਿਆ (39:3)। ਜਾਜਕਾਈ ਬਸਤ੍ਰ ਸੁੰਦਰ ਹੋਣ ਦੇ ਨਾਲ ਨਾਲ ਕਿਰਿਆਸ਼ੀਲ ਅਤੇ ਆਤਮਕ ਪ੍ਰਤੀਕ ਹੋਣ ਦੇ ਲਈ ਬਣਾਏ ਗਏ ਸਨ (28:2)। (28:6 ਤੇ ਟਿੱਪਣੀਆਂ ਵੇਖੋ।)

**ਆਇਤਾਂ 6, 7.** ਇਸ ਤੋਂ ਬਾਅਦ, ਖਾਤਾ ਕਹਿੰਦਾ ਹੈ ਕਿ **ਉਨ੍ਹਾਂ ਨੇ ਸੁਲੇਮਾਨੀ ਪੱਥਰ ਸੋਨੇ ਦੇ**

**ਖ਼ਾਨਿਆਂ ਵਿੱਚ ਪਾਉਣ ਲਈ ਉੱਕਰ ਕੇ ਬਣਾਏ**। ਇਨ੍ਹਾਂ ਦੋਵਾਂ ਪੱਥਰਾਂ ਤੇ **ਇਸਰਾਏਲ ਦੇ** [ਬਾਰ੍ਹਾਂ] **ਪੁੱਤ੍ਰਾਂ ਦੇ ਨਾਮਾਂ ਅਨੁਸਾਰ ਉੱਕਰ ਕੇ ਬਣਾਏ**, ਹਰ ਇੱਕ ਪੱਥਰ ਤੇ ਛੇ ਨਾਮ (28:10)। **ਇਸ ਤੋਂ ਇਲਾਵਾ, ਪੱਥਰਾਂ ਨੂੰ ਉਨ੍ਹਾਂ ਨੂੰ ਏਫੋਦ ਦੇ ਮੋਢਿਆਂ ਦੀਆਂ ਕਤਰਾਂ ਉੱਤੇ ਰੱਖਿਆ।** ਜਦੋਂ ਮਹਾਂ ਜਾਜਕ ਆਪਣੇ ਅਧਿਕਾਰਕ ਕੰਮਾਂ ਦੇ ਵਿਚ ਏਫੋਦ ਨੂੰ ਪਾਉਂਦਾ ਸੀ, ਤਾਂ ਇਹ ਪੱਥਰ ਯਾਦਗਾਰੀ ਦੇ ਪੱਥਰਾਂ ਦੇ ਰੂਪ ਵਿਚ ਸੇਵਾ ਕਰਦੇ ਸਨ, ਪ੍ਰਤੀਕ ਵਜੋਂ ਦਰਸਾਉਂਦਾ ਹੈ ਕਿ ਉਹ ਸਾਰੇ ਲੋਕਾਂ ਦੇ ਪ੍ਰਤੀਨਿਧੀ ਦੇ ਰੂਪ ਵਿਚ ਕੰਮ ਕਰਦਾ ਹੈ। (28:7-14 ਤੇ ਟਿੱਪਣੀਆਂ ਵੇਖੋ।)


**ਸੀਨਾ ਬੰਦ (39:8-21)**

**8ਉਸ ਨੇ ਸੀਨਾ ਬੰਦ ਕਾਰੀਗਰੀ ਦੀ ਬਣਤ ਦਾ ਏਫੋਦ ਦੇ ਕੰਮ ਵਾਂਙੁ ਅਰਥਾਤ ਸੋਨੇ, ਨੀਲੇ,
ਬੈਂਗਣੀ ਅਤੇ ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਬਣਾਇਆ। 9ਉਨ੍ਹਾਂ ਨੇ ਸੀਨੇ ਬੰਦ ਨੂੰ ਚੌਰਸ
ਅਤੇ ਦੋਹਰਾ ਬਣਾਇਆ। ਉਸ ਦੀ ਲੰਬਾਈ ਇੱਕ ਗਿੱਠ ਅਤੇ ਉਸ ਦੀ ਚੁੜਾਈ ਇੱਕ ਗਿੱਠ ਅਤੇ
ਉਹ ਦੋਹਰਾ ਸੀ। 10ਉਨ੍ਹਾਂ ਨੇ ਉਸ ਵਿੱਚ ਪੱਥਰ ਦੀਆਂ ਚਾਰ ਪਾਲਾਂ ਬਣਾਈਆਂ। ਇੱਕ ਪਾਲ ਵਿੱਚ
ਲਾਲ ਅਕੀਕ, ਸੁਨਹਿਲਾ, ਅਰ ਜਬਰਜਦ ਏਹ ਪਹਿਲੀ ਪਾਲ ਸੀ। 11ਦੂਜੀ ਪਾਲ ਵਿੱਚ ਪੰਨਾ,
ਨੀਲਮ, ਦੁਧੀਯਾ ਬਿਲੌਰ। 12ਤੀਜੀ ਪਾਲ ਵਿੱਚ ਜਕਰਨ, ਹਰੀ ਅਕੀਕ, ਕਟੈਹਿਲਾ। 13ਚੌਥੀ ਪਾਲ
ਵਿੱਚ ਬੈਰੂਜ਼, ਸੁਲੇਮਾਨੀ, ਅਰ ਯਸ਼ਬ, ਏਹ ਆਪੋ ਆਪਣੇ ਖ਼ਾਨਿਆਂ ਵਿੱਚ ਸੋਨੇ ਨਾਲ ਜੜੇ ਹੋਏ
ਸਨ। 14ਅਤੇ ਓਹ ਪੱਥਰ ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ ਅਨੁਸਾਰ ਸਨ ਅਰਥਾਤ ਉਨ੍ਹਾਂ ਦੇ ਬਾਰਾਂ
ਨਾਮਾਂ ਦੇ ਅਨੁਸਾਰ ਛਾਪ ਦੀ ਉੱਕਰਾਈ ਵਾਂਙੁ ਹਰ ਇੱਕ ਦੇ ਨਾਮ ਦੇ ਅਨੁਸਾਰ ਓਹ ਬਾਰਾਂ ਗੋਤਾਂ
ਲਈ ਸਨ। 15ਉਨ੍ਹਾਂ ਨੇ ਸੀਨੇ ਬੰਦ ਉੱਤੇ ਖ਼ਾਲਸ ਸੋਨੇ ਦੀ ਜੰਜੀਰੀ ਰੱਸਿਆਂ ਵਾਂਙੁ ਗੁੰਦੇ ਹੋਏ ਕੰਮ ਦੀ
ਬਣਾਈ। 16ਉਨ੍ਹਾਂ ਨੇ ਸੋਨੇ ਦੇ ਖ਼ਾਨੇ ਅਤੇ ਸੋਨੇ ਦੇ ਦੋ ਕੜੇ ਬਣਾਏ ਅਤੇ ਉਨ੍ਹਾਂ ਨੇ ਓਹ ਦੋਨੋਂ ਕੜੇ
ਸੀਨੇ ਬੰਦ ਦੇ ਸਿਰਿਆਂ ਵਿੱਚ ਪਾਏ। 17ਉਨ੍ਹਾਂ ਨੇ ਦੋ ਗੁੰਦੀਆਂ ਹੋਈਆਂ ਸੋਨੇ ਦੀਆਂ ਜੰਜੀਰੀਆਂ ਸੀਨੇ
ਬੰਦ ਦੇ ਸਿਰਿਆਂ ਉੱਤੇ ਦੋਹਾਂ ਕੜਿਆਂ ਵਿੱਚ ਪਾਈਆਂ। 18ਅਤੇ ਦੂਜੇ ਦੋਨੋਂ ਸਿਰੇ ਗੁੰਦੀਆਂ ਹੋਈਆਂ
ਜੰਜੀਰੀਆਂ ਦੇ ਦੋਹਾਂ ਖ਼ਾਨਿਆਂ ਉੱਤੇ ਰੱਖੇ ਅਤੇ ਉਨ੍ਹਾਂ ਨੂੰ ਏਫ਼ੋਦ ਦੇ ਮੋਢਿਆਂ ਦੀਆਂ ਕਤਰਾਂ ਉੱਤੇ
ਅਗਲੇ ਪਾਸੇ ਰੱਖਿਆ। 19ਉਨ੍ਹਾਂ ਨੇ ਸੋਨੇ ਦੇ ਦੋ ਕੜੇ ਬਣਾਏ ਅਤੇ ਉਨ੍ਹਾਂ ਨੂੰ ਸੀਨੇ ਬੰਦ ਦੇ ਦੋਹਾਂ
ਸਿਰਿਆਂ ਵਿੱਚ ਪਾਇਆ ਜਿਹੜੇ ਏਫੋਦ ਦੀ ਕਨਾਰੀ ਦੇ ਅੰਦਰਲੇ ਪਾਸੇ ਸਨ। 20ਉਨ੍ਹਾਂ ਨੇ ਸੋਨੇ ਦੇ
ਦੋ ਹੋਰ ਕੜੇ ਬਣਾਏ ਅਤੇ ਉਨ੍ਹਾਂ ਨੂੰ ਏਫੋਦ ਦੀਆਂ ਦੋਹਾਂ ਕਤਰਾਂ ਉੱਤੇ ਅਗਲੇ ਪਾਸੇ ਹੇਠਲੀ ਵੱਲ
ਸੀਣ ਦੇ ਨੇੜੇ ਏਫ਼ੋਦ ਦੇ ਕਾਰੀਗਰੀ ਨਾਲ ਕੱਢੇ ਹੋਏ ਪਟਕੇ ਦੇ ਉੱਤੇ ਰੱਖਿਆ। 21ਤਾਂ ਉਨ੍ਹਾਂ ਨੇ ਸੀਨੇ
ਬੰਦ ਉਸ ਦੇ ਕੜਿਆਂ ਨਾਲ ਏਫ਼ੋਦ ਦੇ ਕੜਿਆਂ ਵਿੱਚ ਨੀਲੇ ਰੰਗ ਦੀ ਰੱਸੀ ਨਾਲ ਅਜੇਹਾ ਬੰਨ੍ਹਿਆ
ਕਿ ਉਹ ਏਫੋਦ ਦੇ ਕੱਢੇ ਹੋਏ ਪਟਕੇ ਦੇ ਉੱਤੇ ਰਹੇ ਅਤੇ ਸੀਨੇ ਬੰਦ ਏਫੋਦ ਦੇ ਉੱਤੇ ਨਾ ਖੁਲ੍ਹੇ ਜਿਵੇਂ
ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 8-21.** ਜਾਜਕ ਦੀ ਪੁਸ਼ਾਕ ਦੀ ਹੋਰ ਕਿਸੇ ਵੀ ਚੀਜ਼ **ਸੀਨਾ ਬੰਦ** ਬਣਾਉਣ ਦਾ ਵਰਣਨ ਵਧੇਰੇ ਸਥਾਨ ਲੈਂਦਾ ਹੈ, ਜਿਵੇਂ ਕਿ ਅਧਿਆਇ 28 ਵਿਚ ਸੀਨਾ ਬੰਦ ਦੀਆਂ ਹਿਦਾਇਤਾਂ ਨੂੰ ਵਧੇਰੇ ਸਥਾਨ ਦਿੱਤਾ ਗਿਆ ਸੀ। ਭਾਵੇਂ ਇਸ ਨੂੰ ਵੱਖਰੇ ਤੌਰ ਤੇ ਬਣਾਇਆ ਗਿਆ ਸੀ, ਪਰ ਸੀਨਾ ਬੰਦ ਨੂੰ **ਏਫੋਦ** ਦੇ ਨਾਲ ਜੋੜਿਆ ਗਿਆ ਸੀ, ਇਸ ਲਈ, ਇਹ ਅਸਲ ਵਿਚ ਏਫੋਦ ਦਾ ਹਿੱਸਾ ਸੀ। ਸੀਨਾ ਬੰਦ ਦੀ ਸਭ ਤੋਂ ਸਪੱਸ਼ਟ ਵਿਸ਼ੇਸ਼ਤਾ ਕੀਮਤੀ ਪੱਥਰਾਂ ਦੀਆਂ **ਚਾਰ ਪਾਲਾਂ** ਸਨ, **ਹਰ ਪਾਲ** ਵਿਚ ਤਿੰਨ ਪੱਥਰ। ਇਹ ਬਾਰਾਂ ਪੱਥਰ **ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ ਅਨੁਸਾਰ ਸਨ**; ਹਰੇਕ ਪੱਥਰ ਦੇ ਉੱਤੇ ਉਨ੍ਹਾਂ ਪੁੱਤਰਾਂ ਵਿਚੋਂ ਇੱਕ ਦਾ ਨਾਮ ਉੱਕਰਿਆ ਹੋਇਆ ਸੀ। ਮਹਾਂ ਜਾਜਕ ਦੇ

ਦੁਆਰਾ ਸਮੁੱਚੇ ਲੋਕਾਂ ਦੀ ਨੁਮਾਇੰਦਗੀ - **ਬਾਰਾਂ ਗੋਤਾਂ** ਨੂੰ - ਦੋ ਤਰੀਕਿਆਂ ਦੇ ਨਾਲ ਦਰਸਾਇਆ ਗਿਆ ਸੀ: ਏਫੋਦ ਦੇ ਸੁਲੇਮਾਨੀ ਪੱਥਰਾਂ ਤੇ ਸੀਨਾ ਬੰਦ ਦੇ ਬਾਰਾਂ ਪੱਥਰਾਂ ਦੇ ਦੁਆਰਾ। (28:15-30 ਤੇ ਟਿੱਪਣੀਆਂ ਵੇਖੋ।)

ਸੀਨਾ ਬੰਦ ਤੇ "ਊਰੀਮ ਅਤੇ ਤੁੰਮੀਮ" ਦੇ ਵੇਰਵੇ ਨੂੰ ਇੱਥੇ ਛੱਡ ਦਿੱਤਾ ਗਿਆ ਹੈ (28:30)। ਜੇਕਰ ਉਹ ਪਹਿਲਾਂ ਤੋਂ ਮੌਜੂਦ ਸਨ ਅਤੇ ਉਨ੍ਹਾਂ ਨੂੰ ਬਣਾਉਣ ਦੀ ਕੋਈ ਲੋੜ ਨਹੀਂ ਸੀ ਤਾਂ ਉਨ੍ਹਾਂ ਦਾ ਉਲੇਖ ਜ਼ਰੂਰੀ ਨਹੀਂ ਸੀ।




ਸੀਨਾ ਬੰਦ ਦਾ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਏਲ)

**ਚੋਗ਼ਾ (39:22-26)**

**22ਉਸ ਨੇ ਏਫੋਦ ਦਾ ਚੋਗ਼ਾ ਸਾਰਾ ਨੀਲੇ ਰੰਗ ਦਾ ਅਤੇ ਬੁਣਤ ਦਾ ਬਣਾਇਆ। 23ਅਤੇ ਚੋਗ਼ੇ**
**ਦੇ ਵਿਚਕਾਰ ਸੰਜੋ ਦੇ ਛੇਕ ਵਰਗਾ ਛੇਕ ਰੱਖਿਆ ਅਤੇ ਛੇਕ ਦੇ ਚੁਫੇਰੇ ਇਕ ਬੰਨੀ ਬਣਾਈ ਤਾਂ ਜੋ**
**ਉਹ ਨਾ ਪਾਟੇ। 24ਉਨ੍ਹਾਂ ਨੇ ਉਸ ਦੇ ਪੱਲੇ ਦੇ ਹੇਠਲੇ ਘੇਰੇ ਉੱਤੇ ਨੀਲੇ ਬੈਂਗਣੀ ਅਤੇ ਕਿਰਮਚੀ ਕਤਾਨ**
**ਦੇ ਅਨਾਰ ਬਣਾਏ। 25ਅਨਾਰਾਂ ਦੇ ਵਿਚਕਾਰ ਅਤੇ ਆਲੇ ਦੁਆਲੇ ਖ਼ਾਲਸ ਸੋਨੇ ਦੇ ਘੁੰਗਰੂ ਚੋਗ਼ੇ ਦੇ**
**ਹੇਠਲੇ ਪੱਲੇ ਉੱਤੇ ਪਾਏ। 26ਅਰਥਾਤ ਇੱਕ ਘੁੰਗਰੂ ਅਤੇ ਇੱਕ ਅਨਾਰ ਚੋਗ਼ੇ ਦੇ ਹੇਠਲੇ ਪੱਲੇ ਦੇ ਘੇਰੇ**
**ਉੱਤੇ ਸੀ ਅਤੇ ਏਹ ਉਪਾਸਨਾ ਲਈ ਸੀ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 22-26.** ਇਹ ਤੱਥ ਕਿ 28:31 ਅਤੇ 39:22 ਮਹਾਂ ਜਾਜਕ ਦੇ ਚੋਗ਼ੇ ਨੂੰ **ਏਫੋਦ ਦਾ ਚੋਗ਼ਾ** ਕਿਹਾ ਜਾਂਦਾ ਹੈ - ਇਸ ਗੱਲ ਨੂੰ ਦੱਸਦਾ ਹੈ ਕਿ ਉਸ ਦੀ ਪੁਸ਼ਾਕ ਵਿਚ ਸਭ ਤੋਂ ਮਹੱਤਵਪੂਰਣ ਭਾਗ ਏਫੋਦ ਸੀ। ਇਹ ਏਫੋਦ, ਹੋਰ ਕਿਸੇ ਵੀ ਚੀਜ਼ ਤੋਂ ਵੱਧ ਕੇ, ਮਹਾਂ ਜਾਜਕ ਨੂੰ ਹੋਰਨਾਂ ਜਾਜਕਾਂ ਅਤੇ ਅਰਾਧਕਾਂ ਤੋਂ ਵੱਖਰਾ ਕਰਦਾ ਹੈ।

ਚੋਗ਼ਾ ਇੱਕ ਸਾਦਾ **ਨੀਲੇ** ਰੰਗ ਦਾ ਬਸਤਰ ਹੁੰਦਾ ਸੀ ਜਿਸ ਨੂੰ ਏਫੋਦ ਦੇ ਥੱਲੇ ਪਹਿਨਿਆ

ਜਾਂਦਾ ਸੀ। ਇਸ ਦੇ ਵਿਸ਼ੇ ਵਿਚ ਸਭ ਤੋਂ ਅਸਧਾਰਣ ਗੱਲ **ਅਨਾਰ** ਸਨ, ਜੋ ਸੰਭਾਵਤ ਤੌਰ ਤੇ ਝਾਲਰ ਨਾਲ ਬੁਣੇ ਹੋਏ ਸਨ, ਅਤੇ ਝਾਲਰ ਦੇ ਨਾਲ **ਘੁੰਗਰੂ** ਬੁਣੇ ਹੋਏ ਸਨ। (28:31-35 ਤੇ ਟਿੱਪਣੀਆਂ ਵੇਖੋ।)

## ਕੁੜਤੇ, ਅਮਾਮਾ, ਮਹੀਨ ਕਤਾਨ ਦੀਆਂ ਪੱਗਾਂ, ਅਤੇ ਖ਼ਾਲਸ ਸੋਨੇ ਦਾ ਪੱਤ੍ਰ (39:27-31)

**[27]ਉਨ੍ਹਾਂ ਨੇ ਹਾਰੂਨ ਅਤੇ ਉਸ ਦੇ ਪੁੱਤ੍ਰਾਂ ਲਈ ਮਹੀਨ ਕਤਾਨ ਦੇ ਕੁੜਤੇ ਬੁਣਤ ਦੇ ਬਣਾਏ।**
**[28]ਅਤੇ ਮਹੀਨ ਕਤਾਨ ਦਾ ਅਮਾਮਾ ਅਤੇ ਮਹੀਨ ਕਤਾਨ ਦੀਆਂ ਸੋਹਣੀਆਂ ਪੱਗਾਂ ਅਤੇ ਮਹੀਨ**
**ਕਤਾਨ ਦੀਆਂ ਉਣੀਆਂ ਹੋਈਆਂ ਕੱਛਾਂ ਬਣਾਈਆਂ। [29]ਅਰ ਮਹੀਨ ਕਤਾਨ ਦਾ ਉਣਿਆ ਹੋਇਆ**
**ਨੀਲਾ ਬੈਂਗਣੀ ਅਤੇ ਕਿਰਮਚੀ ਪਟਕਾ ਕਸੀਦੇਕਾਰੀ ਦੇ ਕੰਮ ਦਾ ਬਣਾਇਆ ਜਿਵੇਂ ਯਹੋਵਾਹ ਨੇ**
**ਮੂਸਾ ਨੂੰ ਹੁਕਮ ਦਿੱਤਾ ਸੀ। [30]ਉਨ੍ਹਾਂ ਨੇ ਮੱਥੇ ਲਈ ਪਵਿੱਤ੍ਰ ਚਮਕੀਲਾ ਪੱਤ੍ਰ ਖ਼ਾਲਸ ਸੋਨੇ ਦਾ**
**ਬਣਾਇਆ ਅਤੇ ਉਸ ਦੇ ਉੱਤੇ ਉਨ੍ਹਾਂ ਨੇ ਲਿਖਤ ਛਾਪ ਦੀ ਉੱਕਰਾਈ ਵਾਂਙੁ ਲਿਖੀ "ਯਹੋਵਾਹ ਲਈ**
**ਪਵਿੱਤ੍ਰਤਾਈ।" [31]ਉਨ੍ਹਾਂ ਨੇ ਉਸ ਵਿੱਚ ਨੀਲੀ ਡੋਰ ਪਾਈ ਤਾਂ ਜੋ ਉਹ ਅਮਾਮੇ ਦੇ ਉੱਤੇ ਬੰਨ੍ਹਿਆ ਜਾਵੇ**
**ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 27-29.** ਇਹ ਭਾਗ ਹੋਰ ਜਾਜਕਾਈ ਬਸਤ੍ਰ ਬਣਾਉਣ ਦੇ ਵੇਰਵੇ ਨੂੰ ਜਾਰੀ ਰੱਖਦਾ ਹੈ। **ਹਾਰੂਨ ਅਤੇ ਉਸ ਦੇ ਪੁੱਤ੍ਰਾਂ** [ਪੁੱਤਰ] ਸਾਰੇ **ਕੁੜਤੇ**, **ਮਹੀਨ ਕਤਾਨ ਦੀਆਂ ਕੱਛਾਂ** ਅਤੇ ਪਟਕਾ [ਪਟਕੇ] ਪਾਉਂਦੇ ਸਨ। ਇਨ੍ਹਾਂ ਵਿਸ਼ੇਸ਼ ਕੱਪੜਿਆਂ ਨੇ ਉਨ੍ਹਾਂ ਨੂੰ ਜਾਜਕਾਂ ਦੇ ਰੂਪ ਵਿਚ ਬਾਕੀ ਦੇ ਇਸਰਾਏਲੀਆਂ ਨਾਲੋਂ ਵੱਖਰਾ ਕੀਤਾ ਸੀ। ਪਰ, ਸਿਰਫ ਹਾਰੂਨ (ਮਹਾਂ ਜਾਜਕ) **ਅਮਾਮਾ** ਪਹਿਨਦਾ ਸੀ, ਜਦਕਿ ਉਸ ਦੇ ਪੁੱਤਰ **ਸੋਹਣੀਆਂ ਪੱਗਾਂ** ਪਾਉਂਦੇ ਸਨ (28:39-43)।

**ਆਇਤਾਂ 30, 31.** ਇਹ ਵਰਣਨ ਚਮਕੀਲੇ **ਪੱਤ੍ਰ** ਦੇ ਨਿਰਮਾਣ ਦੇ ਬਿਰਤਾਂਤ ਦੇ ਨਾਲ ਸਮਾਪਤ ਹੁੰਦਾ ਹੈ। ਅਧਿਆਇ 28 ਦੀਆਂ ਹਿਦਾਇਤਾਂ ਵਿਚ, ਇਹ ਪੱਤ੍ਰ ਕੁੜਤਿਆਂ, ਪੱਗਾਂ, ਕਤਾਨ ਦੀਆਂ ਕੱਛਾਂ, ਅਤੇ ਪਟਕਿਆਂ ਤੋਂ ਪਹਿਲਾਂ ਹੈ (28:36-38)। ਸੋਨੇ ਦੇ ਪੱਤ੍ਰ ਤੇ "**ਯਹੋਵਾਹ ਲਈ ਪਵਿੱਤ੍ਰਤਾਈ**" ਉੱਕਰਿਆ ਹੋਇਆ ਸੀ ਅਤੇ ਇਸ ਨੂੰ ਮਹਾਂ ਜਾਜਕ ਦੇ **ਅਮਾਮੇ** ਨਾਲ ਜੋੜਿਆ ਗਿਆ ਸੀ। ਪੱਤ੍ਰ ਨੇ ਐਲਾਨ ਕੀਤਾ ਕਿ ਮਹਾਂ ਜਾਜਕ "ਪਵਿੱਤਰ" ਸੀ। ਜੌਨ ਆਈ. ਡਰਹਮ ਦੇ ਅਨੁਸਾਰ, ਸਿਲਾਲੇਖ "ਸਿਰਫ 'ਹਾਰੂਨ' ਅਤੇ ਉਸ ਤੋਂ ਬਾਅਦ ਆਉਣ ਵਾਲਿਆਂ ਦਾ ਉਲੇਖ ਹੀ ਨਹੀਂ ਕਰਦੀ ਹੈ ... ਇਹ ਇਸਰਾਏਲ ਹੈ ਜੋ 'ਯਹੋਵਾਹ ਲਈ ਪਵਿੱਤ੍ਰਤਾਈ'"[3] ਹੈ। ਹਾਰੂਨ ਅਤੇ ਉਸ ਤੋਂ ਬਾਅਦ ਦੇ ਮਹਾਂ ਜਾਜਕ ਜਦੋਂ ਪਰਮੇਸ਼ੁਰ ਦੀ ਹਜ਼ੂਰੀ ਵਿਚ ਆਪਣੇ ਪਵਿੱਤਰਤਾਈ ਦੇ ਬਸਤ੍ਰ ਪਹਿਨਦੇ ਸਨ ਤਾਂ ਉਹ ਇਸਰਾਏਲ ਨੂੰ ਦਰਸਾਉਂਦੇ ਸਨ। (ਵੇਖੋ ਟਿੱਪਣੀਆਂ 28:36-38।)

ਜਾਜਕਾਂ ਦੇ ਬਸਤ੍ਰਾਂ ਦਾ ਮਹੱਤਵ ਇੰਨਾ ਹੈ ਕਿ ਉਨ੍ਹਾਂ ਦੇ ਵਰਣਨ ਨੂੰ ਇੰਨਾ ਇੰਨਾ ਸਥਾਨ ਦਿੱਤਾ ਗਿਆ ਹੈ। ਬੇਸ਼ੱਕ, ਬਸਤ੍ਰਾਂ ਦੇ ਵੱਖ-ਵੱਖ ਭਾਗਾਂ ਦਾ ਮਹੱਤਵ ਵੀ ਹੁੰਦਾ ਹੈ। ਪਰ, ਵਚਨ ਪ੍ਰਤੀਕਾਮਕਤਾ ਦੇ ਵਿਸ਼ੇ ਵਿਚ ਬਹੁਤ ਹੀ ਘੱਟ ਜਾਣਕਾਰੀ ਪ੍ਰਦਾਨ ਕਰਦਾ ਹੈ। ਪਰਮੇਸ਼ੁਰ ਦੁਆਰਾ ਡਿਜ਼ਾਇਨ ਕੀਤੇ ਇਹ ਬਸਤ੍ਰ ਜਾਜਕਾਂ ਨੂੰ ਪ੍ਰਭੂ ਦੀ ਸੇਵਾ ਲਈ ਵੱਖਰਾ ਕਰਦੇ ਸਨ।



ਮਹਾਂ ਜਾਜਕ ਦੇ ਬਸਤ੍ਰਾਂ ਦਾ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਏਲ)

## ਡੇਹਰੇ ਦੀ ਪੇਸ਼ਕਾਰੀ (39:32-43)

32ਸੋ ਡੇਹਰੇ ਦੀ ਮੰਡਲੀ ਦੇ ਤੰਬੂ ਦਾ ਸਾਰਾ ਕੰਮ ਪੂਰਾ ਹੋਇਆ ਅਤੇ ਐਉਂ ਇਸਰਾਏਲੀਆਂ ਨੇ
ਸਾਰਾ ਕੁਝ ਕੀਤਾ। ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਉਨ੍ਹਾਂ ਨੇ ਤਿਵੇਂ ਹੀ ਕੀਤਾ। 33ਤਾਂ
ਓਹ ਡੇਹਰਾ ਮੂਸਾ ਕੋਲ ਲਿਆਏ ਅਰਥਾਤ ਤੰਬੂ ਅਤੇ ਉਸ ਦਾ ਸਾਰਾ ਸਮਾਨ, ਉਸ ਦੀਆਂ ਕੁੰਡੀਆਂ,
ਉਸ ਦੇ ਫੱਟੇ, ਉਸ ਦੇ ਹੋੜੇ, ਉਸ ਦੀਆਂ ਥੰਮ੍ਹੀਆਂ, ਅਤੇ ਉਸ ਦੀਆਂ ਚੀਥੀਆਂ। 34ਅਰ ਛੱਤ੍ਰਿਆਂ
ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ ਦਾ ਢੱਕਣ ਅਤੇ ਬੱਕਰਿਆਂ ਦੀਆਂ ਖੱਲਾਂ ਦਾ ਢੱਕਣ ਅਤੇ ਓਟ
ਦਾ ਪੜਦਾ। 35ਸਾਖੀ ਦਾ ਸੰਦੂਕ ਚੋਬਾਂ ਸਣੇ ਅਤੇ ਪਰਾਸਚਿਤ ਦਾ ਸਰਪੋਸ਼। 36ਮੇਜ਼, ਅਤੇ ਉਸ ਦੇ
ਸਾਰੇ ਭਾਂਡੇ ਅਤੇ ਹਜ਼ੂਰੀ ਦੀ ਰੋਟੀ। 37ਖ਼ਾਲਸ ਸ਼ਮਾਦਾਨ ਉਸ ਦੇ ਦੀਵਿਆਂ ਸਣੇ ਜਿਨ੍ਹਾਂ ਦੀਵਿਆਂ
ਨੂੰ ਸੁਆਰਨਾ ਸੀ ਅਤੇ ਉਸ ਦਾ ਸਾਰਾ ਸਮਾਨ ਅਤੇ ਚਾਨਣੇ ਲਈ ਤੇਲ। 38ਸੋਨੇ ਦੀ ਜਗਵੇਦੀ ਅਤੇ
ਮਸਹ ਕਰਨ ਦਾ ਤੇਲ ਅਤੇ ਤੇ ਸੁਗੰਧੀ ਧੂਪ ਅਤੇ ਤੰਬੂ ਦੇ ਦਰਵੱਜੇ ਦੀ ਓਟ। 39ਪਿੱਤਲ ਦੀ
ਜਗਵੇਦੀ ਅਤੇ ਉਸ ਦੀ ਪਿੱਤਲ ਦੀ ਝੰਜਰੀ ਉਸ ਦੀਆਂ ਚੋਬਾਂ ਸਣੇ ਅਤੇ ਉਸ ਦਾ ਸਾਰਾ ਸਮਾਨ,
ਹੌਦ ਅਤੇ ਉਸ ਦੀ ਚੌਕੀ। 40ਹਾਤੇ ਦੀਆਂ ਕਨਾਤਾਂ ਉਸ ਦੀਆਂ ਥੰਮ੍ਹੀਆਂ ਅਤੇ ਉਸ ਦੀਆਂ ਚੀਥੀਆਂ
ਅਤੇ ਹਾਤੇ ਦੇ ਫਾਟਕ ਦੀ ਓਟ ਅਤੇ ਉਸ ਦੀਆਂ ਲਾਸਾਂ ਅਤੇ ਉਸ ਦੀਆਂ ਕੀਲੀਆਂ ਅਤੇ ਡੇਹਰੇ
ਦੀ ਮੰਡਲੀ ਦੇ ਤੰਬੂ ਦੀ ਉਪਾਸਨਾ ਦਾ ਸਾਰਾ ਸਮਾਨ। 41ਅਰ ਪਵਿੱਤ੍ਰ ਅਸਥਾਨ ਲਈ ਮਹੀਨ
ਉਣਿਆ ਹੋਇਆ ਬਸਤ੍ਰ ਅਰਥਾਤ ਹਾਰੂਨ ਜਾਜਕ ਦੇ ਪਵਿੱਤ੍ਰ ਬਸਤ੍ਰ ਅਤੇ ਉਸ ਦੇ ਪੁੱਤ੍ਰਾਂ ਦੇ ਬਸਤ੍ਰ
ਕਿ ਓਹ ਜਾਜਕਾਈ ਦਾ ਕੰਮ ਕਰਨ। 42ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ
ਇਸਰਾਏਲੀਆਂ ਨੇ ਸਾਰਾ ਕੰਮ ਬਣਾਇਆ। 43ਮੂਸਾ ਨੇ ਏਸ ਸਾਰੇ ਕੰਮ ਨੂੰ ਡਿੱਠਾ ਅਤੇ ਵੇਖੋ ਉਨ੍ਹਾਂ
ਨੇ ਉਹ ਨੂੰ ਪੂਰਾ ਕਰ ਦਿੱਤਾ ਸੀ। ਜਿਵੇਂ ਯਹੋਵਾਹ ਨੇ ਹੁਕਮ ਦਿੱਤਾ ਸੀ ਉਨ੍ਹਾਂ ਨੇ ਤਿਵੇਂ ਹੀ ਬਣਾਇਆ
ਸੋ ਮੂਸਾ ਨੇ ਉਨ੍ਹਾਂ ਨੂੰ ਅਸੀਸ ਦਿੱਤੀ।

**ਆਇਤ 32. ਇਸਰਾਏਲ** ਨੇ **ਡੇਰਹੇ** ਵਿਚ ਆਪਣੇ **ਕੰਮ** ਨੂੰ ਪੂਰਾ ਕੀਤਾ! ਇਹ ਆਇਤ ਅਧਿਆਇ 39 ਨੂੰ ਇੱਕ ਢੁੱਕਵਾਂ ਸਿੱਟਾ ਪ੍ਰਦਾਨ ਕਰਦੀ ਹੈ। ਇਹ ਕੂਚ 35-39 ਵਿਚ ਪਾਈ ਜਾਣ ਵਾਲੀ ਡੇਹਰੇ ਦੇ ਨਿਰਮਾਣ ਦੀ ਸੰਪੂਰਣ ਕਹਾਣੀ ਦੀ ਚਰਮ ਸੀਮਾ ਦੇ ਰੂਪ ਵਿਚ ਕੰਮ ਕਰਦੀ ਹੈ। ਪਰਮੇਸ਼ੁਰ ਨੇ ਕੂਚ 25-31 ਵਿਚ ਹਿਦਾਇਤਾਂ ਦਿੱਤੀਆਂ। ਉਨ੍ਹਾਂ ਸਾਰੀਆਂ ਹਿਦਾਇਤਾਂ ਨੂੰ ਪੂਰਾ ਕੀਤਾ ਗਿਆ ਸੀ। ਵਚਨ ਵਿਚ ਕਿਹਾ ਗਿਆ ਹੈ ਕਿ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਉਨ੍ਹਾਂ ਨੇ ਤਿਵੇਂ ਹੀ ਕੀਤਾ**। ਇਸ ਪ੍ਰਗਟਾਵੇ ਵਿਚ, "ਸਾਰਾ ਕੁਝ ਕੀਤਾ" ਨੂੰ ਅਧਿਆਇ ਦੇ ਪਿਛਲੇ ਭਾਗ ਵਿਚ "ਤਿਵੇਂ ਹੀ" ਵਿਚ ਬਦਲਦਾ ਹੈ। ਇਹ ਭਾਸ਼ਾ ਭਾਗ ਨੂੰ ਸੰਖੇਪ ਕਰਨ ਦਾ ਕੰਮ ਕਰਦੀ ਹੈ (39:32, 42, 43)।

**ਆਇਤਾਂ 33-41.** ਇਹ ਤੱਥ ਕਿ **ਓਹ ਡੇਹਰਾ ਮੂਸਾ ਕੋਲ ਲਿਆਏ**, ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਤੰਬੂ ਦੇ ਹਿੱਸਿਆਂ ਨੂੰ ਵੱਖ ਵੱਖ ਤੌਰ ਤੇ ਬਣਾਇਆ ਗਿਆ ਸੀ; ਜਦੋਂ ਸਭ ਕੁੱਝ ਦੇ ਨਿਰਮਾਣ ਤੋਂ ਬਾਅਦ ਉਨ੍ਹਾਂ ਨੂੰ ਇਕੱਠਾ ਕਰ ਕੇ ਰੱਖ ਦਿੱਤਾ ਗਿਆ। (ਅਧਿਆਇ 40 ਵੱਖ ਵੱਖ ਹਿੱਸਿਆਂ ਦੇ ਇਕੱਠੇ ਕੀਤੇ ਜਾਣ ਬਾਰੇ ਦੱਸਦਾ ਹੈ।) ਉਹ ਮੂਸਾ ਦੀ ਪ੍ਰਵਾਨਗੀ ਦੇ ਲਈ ਡੇਹਰੇ ਅਤੇ ਉਸ ਦੇ ਫਰਨੀਚਰ ਨੂੰ ਮੂਸਾ ਦੇ ਕੋਲ ਲੈ ਆਏ। ਕਿਉਂਕਿ ਮੂਸਾ ਪਰਮੇਸ਼ੁਰ ਦਾ ਬੁਲਾਰਾ ਸੀ, ਇਸ ਲਈ ਉਹ ਪਰਮੇਸ਼ੁਰ ਦੀ ਪ੍ਰਵਾਨਗੀ ਨੂੰ ਵੀ ਖੋਜ ਰਹੇ ਸਨ।

ਆਇਤਾਂ 33 ਤੋਂ 41 ਇੱਕ ਜਾਂਚ-ਸੂਚੀ ਜਾਂ ਵਸਤੂ-ਸੂਚੀ ਦੇ ਰੂਪ ਵਿਚ ਕੰਮ ਕਰਦੀਆਂ ਹਨ ਅਤੇ ਦਿਖਾਉਂਦੀਆਂ ਹਨ ਕਿ ਪ੍ਰਭੂ ਦੀ "ਕਰਨ" ਦੀ ਸੂਚੀ ਦੀ ਹਰ ਚੀਜ਼ ਨੂੰ ਪੂਰਾ ਕੀਤਾ ਗਿਆ ਸੀ। ਹਵਾਲਾ ਆਪਣੇ ਕੰਮ ਨੂੰ ਚੰਗੀ ਤਰ੍ਹਾਂ ਨਾਲ ਪੂਰਾ ਕਰਦਾ ਹੈ। ਇਹ ਜ਼ੋਰ ਦਿੰਦਾ ਹੈ ਕਿ ਇਸਰਾਏਲ ਨੇ ਉਹ *ਸਭ ਕੁੱਝ* ਬਣਾਇਆ ਜੋ ਪ੍ਰਭੂ ਨੇ ਉਨ੍ਹਾਂ ਨੂੰ ਕਰਨ ਦੇ ਲਈ ਕਿਹਾ ਸੀ।

| **ਬਣਾਏ ਗਏ ਡੇਹਰੇ ਦੀਆਂ ਤਿੰਨ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ**[4] | | | |
|---|---|---|---|
| *ਡੇਹਰੇ ਦੇ ਤੱਤ* | *ਬਣਾਉਣ ਦੀ ਸੂਚਨਾ* | *ਉਸਾਰੀ ਦਾ ਵੇਰਵਾ* | *ਮੂਸਾ ਨੂੰ ਪੇਸ਼ਕਾਰੀ* |
| ਡੇਹਰਾ (ਤੰਬੂ) | 35:11 | 36:8-34 | 39:33, 34 |
| ਓਟ ਦਾ ਪੜਦਾ | 35:12 | 36:35, 36 | 39:34 |
| ਸੰਦੂਕ ਅਤੇ ਪਰਾਸਚਿਤ ਦਾ ਸਰਪੋਸ਼ | 35:12 | 37:1-9 | 39:35 |
| ਹਜ਼ੂਰੀ ਦੀ ਰੋਟੀ ਦੀ ਮੇਜ਼ | 35:13 | 37:10-16 | 39:36 |
| ਸ਼ਮਾਦਾਨ | 35:14 | 37:17-24 | 39:37 |
| ਧੂਪ ਦੀ ਜਗਵੇਦੀ | 35:15 | 37:25-29 | 39:38 |
| ਬੂਹੇ ਦੀ ਓਟ (ਪੜਦਾ)) | 35:15 | 36:37, 38 | 39:38 |
| ਪਿੱਤਲ ਦੀ ਜਗਵੇਦੀ | 35:16 | 38:1-7 | 39:39 |
| ਹੌਦ (ਚਿਲਮਚੀ) | 35:16 | 38:8 | 39:39 |
| ਹਾਤ | 35:17, 18 | 38:9-20 | 39:40 |
| ਜਾਜਕਾਈ ਬਸਤ੍ਰ | 35:19 | 39:1-31 | 39:41 |

**ਆਇਤਾਂ 42, 43.** ਇਹ ਆਇਤਾਂ ਸਪੱਸ਼ਟ ਕਰਦੀਆਂ ਹਨ ਕਿ ਪਿਛਲੀ ਸੂਚੀ ਵਿਚ ਕੀ ਸੰਕੇਤ ਕੀਤਾ ਗਿਆ ਸੀ: **ਇਸਰਾਏਲੀਆਂ** ਨੇ ਡੇਹਰੇ ਦੀ ਉਸਾਰੀ ਲਈ ਉਹ ਸਭ ਕੁੱਝ ਕੀਤਾ ਜਿਸ ਦਾ **ਯਹੋਵਾਹ ਨੇ** ਉਨ੍ਹਾਂ ਨੂੰ ਹੁਕਮ ਦਿੱਤਾ ਸੀ। **ਮੂਸਾ** ਨੇ ਉਸ ਸੰਪੂਰਣ ਕੰਮ ਨੂੰ ਵੇਖਿਆ, ਇਸ ਦੀ ਤੁਲਨਾ ਪ੍ਰਭੂ ਦੇ ਖਾਕੇ ਦੇ ਨਾਲ ਕੀਤੀ - ਜਿਸ ਵਿਚ ਉਹ ਵੀ ਸ਼ਾਮਲ ਸੀ ਜੋ ਉਸ ਨੂੰ ਪਹਾੜ ਤੇ "ਵਿਖਾਇਆ" ਗਿਆ ਸੀ (25:40) - ਅਤੇ ਇਸ ਨੂੰ ਪਰਵਾਨ ਕੀਤਾ।

ਮੂਸਾ ਨੇ ਕੰਮ ਕਰਨ ਵਾਲਿਆਂ ਨੂੰ ਅਸੀਸ ਦੇ ਕੇ ਆਪਣੀ ਪ੍ਰਵਾਨਗੀ ਨੂੰ ਪਰਗਟ ਕੀਤਾ। ਕਿਸੇ ਨੂੰ "ਅਸੀਸ" ਦੇਣ ਦਾ ਅਰਥ ਹੈ ਉਸ ਦੀ ਪ੍ਰਸ਼ੰਸਾ ਕਰਨੀ ਜਾਂ ਉਸ ਇਸਤਰੀ ਜਾਂ ਪੁਰਖ ਨੂੰ ਵਧਾਈ ਦੇਣੀ, ਜਾਂ ਕਿਸੇ ਦੀ ਭਲਾਈ ਦੀ ਕਾਮਨਾ ਕਰਨਾ। ਮੂਸਾ ਨੇ ਕੰਮ ਨੂੰ ਪੂਰਾ ਕਰਨ ਦੇ ਲਈ ਲੋਕਾਂ ਦੀ ਪ੍ਰਸ਼ੰਸਾ ਕੀਤੀ, ਇਹ ਦਰਸਾਉਂਦਾ ਹੈ ਕਿ, ਪਰਮੇਸ਼ੁਰ ਦੇ ਨੁਮਾਇੰਦੇ ਦੇ ਰੂਪ ਵਿਚ, ਉਹ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਪ੍ਰਸੰਨ ਸੀ। ਡਬਲਿਯੂ. ਐੱਚ. ਗਿਸਪਨ ਨੇ ਲਿਖਿਆ, "ਮੂਸਾ ਨੇ ਕੰਮ ਦੀ ਜਾਂਚ ਕੀਤੀ ਅਤੇ ਪ੍ਰਵਾਨਗੀ ਦਿੱਤੀ; ਅਤੇ ਆਪਣੇ ਧੰਨਵਾਦ ਨੂੰ ਪਰਗਟ ਕਰਨ ਦੇ ਲਈ ਉਸ ਨੇ ਲੋਕਾਂ ਨੂੰ ਬਰਕਤ ਦੇ ਕੇ ਇਨਾਮ ਦਿੱਤਾ।"[5]

ਟਿੱਪਣੀਕਾਰ ਦੱਸਦੇ ਹਨ ਕਿ ਇਹ ਪ੍ਰਗਟਾਵਾ ਕਿ **ਮੂਸਾ ਨੇ ਉਨ੍ਹਾਂ ਨੂੰ ਅਸੀਸ ਦਿੱਤੀ** ਉਤਪਤ 1:22, 28; 2:3 ਦੀ ਯਾਦ ਦਿਵਾਉਂਦਾ ਹੈ: ਜਦੋਂ ਰਚਨਾ ਦੇ ਸਾਰੇ ਭਾਗ ਸੰਪੂਰਣ ਹੋ ਗਏ ਸਨ, ਤਾਂ "ਪਰਮੇਸ਼ੁਰ ਨੇ ... ਉਨ੍ਹਾਂ ਨੂੰ ਅਸੀਸ ਦਿੱਤੀ।" ਇਸਰਾਏਲ ਨੇ ਜੋ ਕੁੱਝ ਕੀਤਾ ਸੀ ਉਹ ਨਵੀਂ ਸ੍ਰਿਸ਼ਟੀ ਦੇ ਵਾਂਗ ਸੀ।[6] ਇਸ "ਨਵੀਂ ਰਚਨਾ" ਦੇ ਪੂਰਾ ਹੋਣ ਦੇ ਨਾਲ ਇਸਰਾਏਲੀ ਇੱਕ ਨਵੇਂ ਇਤਹਾਸ ਦਾ ਯੁੱਗ ਸ਼ੁਰੂ ਕਰਨ ਦੇ ਲਈ ਤਿਆਰ ਸਨ; ਸਿਰਫ ਜੋ ਬਾਕੀ ਸੀ ਉਹ ਡੇਹਰੇ ਨੂੰ ਸਥਾਪਤ ਕਰਨਾ ਅਤੇ ਪਵਿੱਤਰ ਕੀਤਾ ਜਾਣਾ ਸੀ (ਅਧਿਆਇ 40)।

# ਪ੍ਰਾਸੰਗਿਕਤਾ

### "ਨਮੂਨੇ ਉੱਤੇ" (ਅਧਿਆਇ 39)

ਕੂਚ 25:8, 9 ਵਿਚ, ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਡੇਹਰੇ ਨੂੰ "ਨਮੂਨੇ ਉੱਤੇ" ਬਣਾਈ। ਜਾਹਿਰ ਹੈ, ਪਰਮੇਸ਼ੁਰ ਦੇ ਰਾਹੀਂ ਮੂਸਾ ਨੂੰ ਦਿੱਤੀਆਂ ਗਈਆਂ ਮੌਖਿਕ ਹਿਦਾਇਤਾਂ ਤੋਂ ਇਲਾਵਾ, ਉਸ ਨੇ ਮੂਸਾ ਨੂੰ ਇੱਕ ਤਸਵੀਰ, ਇੱਕ ਦਰਸ਼ਣ, ਇੱਕ ਦਿੱਖ ਪ੍ਰਤਿਰੂਪ ਜਾਂ ਡੇਹਰੇ ਦਾ ਇੱਕ ਨਮੂਨਾ ਵੀ ਵਿਖਾਇਆ। ਫਿਰ ਉਸ ਨੇ ਮੂਸਾ ਨੂੰ ਕਿਹਾ ਕਿ ਡੇਹਰੇ ਨੂੰ ਉਸ "ਨਮੂਨੇ" ਦੇ ਅਨੁਸਾਰ ਬਣਾਈਂ (ਵੇਖੋ 24:40; ਇਬਰਾਨੀਆਂ 8:5)। ਜਦੋਂ ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਇਸ ਘਟਨਾ ਦਾ ਸੰਕੇਤ ਦਿੱਤਾ, ਤਾਂ ਉਸ ਨੇ ਸੰਕੇਤ ਦਿੱਤਾ ਕਿ ਉੱਥੇ ਇੱਕ "ਸਵਰਗੀ" ਨਮੂਨਾ ਸੀ ਜੋ ਸੰਸਾਰਿਕ ਡੇਹਰੇ ਦੇ ਲਈ ਇੱਕ ਮਾਡਲ ਦੇ ਰੂਪ ਵਿਚ ਕੰਮ ਕਰਦਾ ਸੀ। ਇਬਰਾਨੀਆਂ ਦੀ ਪੱਤ੍ਰੀ ਕਹਿੰਦੀ ਹੈ, ਕਿ ਉਹ ਸਵਰਗੀ ਨਮੂਨਾ, ਮੌਜੂਦਾ ਪ੍ਰਣਾਲੀ ਸੀ, ਮਸੀਹੀ ਪ੍ਰਣਾਲੀ।

ਇਸ ਅਧਿਆਇ ਵਿਚ ਅਸੀਂ ਦੋ ਚੀਜ਼ਾਂ ਤੇ ਧਿਆਨ ਕੇਂਦਰਿਤ ਕਰਦੇ ਹਾਂ: (1) ਡੇਹਰੇ ਦੇ ਨਿਰਮਾਣ ਵਿਚ ਮੂਸਾ ਅਤੇ ਇਸਰਾਏਲੀਆਂ ਦੇ ਲਈ ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਪਾਲਣ ਕਰਨਾ ਮਹੱਤਵਪੂਰਣ ਸੀ। (2) ਜੇਕਰ ਉਨ੍ਹਾਂ ਦੇ ਲਈ ਅਜਿਹਾ ਕਰਨਾ ਮਹੱਤਵਪੂਰਣ ਸੀ, ਤਾਂ ਸਾਡੇ ਲਈ ਵੀ ਅੱਜ ਪਰਮੇਸ਼ੁਰ ਦੇ "ਡੇਹਰੇ," ਕਲੀਸੀਆ ਨੂੰ ਉਸਾਰਣ ਦੇ ਲਈ ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਪਾਲਣ ਕਰਨਾ ਮਹੱਤਵਪੂਰਣ ਹੈ।

*ਡੇਹਰੇ ਨੂੰ ਬਣਾਉਣ ਦੇ ਲਈ ਇਸਰਾਏਲ ਨੂੰ ਪਰਮੇਸ਼ੁਰ ਦੇ "ਨਮੂਨੇ" ਦੀ ਪਾਲਣਾ ਕਰਨਾ ਜ਼ਰੂਰੀ ਸੀ।* ਅਸੀਂ ਜਾਣਦੇ ਹਾਂ ਕਿ ਇਸਰਾਏਲ ਦੇ ਲਈ ਪਰਮੇਸ਼ੁਰ ਦੀਆਂ ਹਿਦਾਇਤਾਂ ਦਾ ਪਾਲਣ

ਕਰਨਾ ਮਹੱਤਵਪੂਰਣ ਸੀ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਅਜਿਹਾ ਕਰਨ ਦੇ ਲਈ ਕਿਹਾ ਸੀ (25:8, 9; ਵੇਖੋ 19:5, 6; 25:40; 31:11; ਰਸੂਲਾਂ ਦੇ ਕਰਤੱਬ 7:44)। ਦੂਸਰਾ, ਪਰਮੇਸ਼ੁਰ ਨੇ ਵਿਸਥਾਰਪੂਰਵਕ ਹਿਦਾਇਤਾਂ ਦਿੱਤੀਆਂ ਸਨ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਚਾਹੁੰਦਾ ਸੀ ਕਿ ਉਨ੍ਹਾਂ ਦਾ ਵੇਰਵੇ ਨਾਲ ਪਾਲਣ ਕੀਤਾ ਜਾਵੇ। ਇਸ ਤੋਂ ਇਲਾਵਾ, ਇਹ ਸਪੱਸ਼ਟ ਹੈ ਕਿ ਪੱਤਰ ਦੇ ਲਈ ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪਾਲਣ ਕਰਨਾ ਇਸਰਾਏਲ ਦੇ ਲਈ ਮਹੱਤਵਪੂਰਣ ਸੀ ਕਿਉਂਕਿ ਇਹੀ ਸੀ ਜੋ ਇਸਰਾਏਲੀਆਂ ਨੇ ਕੀਤਾ ਸੀ (39:1, 5, 7, 21, 26, 29, 31, 32, 42, 43)। ਸਪੱਸ਼ਟ ਤੌਰ ਤੇ, ਇਸਰਾਏਲ ਨੇ ਸੋਚਿਆ ਕਿ ਪਰਮੇਸ਼ੁਰ ਦਾ ਮਤਲਬ ਉਹ ਹੈ ਜੋ ਉਸ ਨੇ ਡੇਹਰੇ ਦੇ ਲਈ ਹਿਦਾਇਤਾਂ ਦੇਣ ਦੇ ਲਈ ਕਿਹਾ ਸੀ, ਕਿਉਂਕਿ ਉਨ੍ਹਾਂ ਨੇ ਉਨ੍ਹਾਂ ਹਿਦਾਇਤਾਂ ਨੂੰ ਸਾਵਧਾਨੀ ਦੇ ਨਾਲ ਪੂਰਾ ਕੀਤਾ ਸੀ। ਇਸ ਤੋਂ ਇਲਾਵਾ, ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਉਨ੍ਹਾਂ ਦੀ ਸਾਵਧਾਨੀ ਪੂਰਵਕ ਆਗਿਆਕਾਰੀ ਤੋਂ ਪ੍ਰਸੰਨ ਸੀ ਕਿਉਂਕਿ ਉਸ ਨੇ "ਨਮੂਨੇ ਦੇ ਅਨੁਸਾਰ" ਬਣਾਏ ਡੇਹਰੇ ਵਿਚ ਪ੍ਰਵੇਸ਼ ਕਰਕੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬਰਕਤ ਦਿੱਤੀ ਸੀ (ਕੂਚ 40)।

*ਸਾਨੂੰ ਅੱਜ ਪਰਮੇਸ਼ੁਰ ਦੇ "ਨਮੂਨੇ" ਦਾ ਪਾਲਣ ਕਰਨ ਦੀ ਲੋੜ ਹੈ।* ਨਵਾਂ ਨੇਮ ਸਾਨੂੰ ਇਹ ਸਿਖਾਉਂਦਾ ਹੈ ਕਿ ਪਰਮੇਸ਼ੁਰ ਦਾ ਸੰਦੇਸ਼ ਮਸੀਹ ਅਤੇ ਉਸ ਦੇ ਰਸੂਲਾਂ ਦੇ ਦੁਆਰਾ ਪਰਗਟ ਹੋਇਆ ਸੀ ਜਿਸ ਦਾ ਉਦੇਸ਼ ਅੰਤ ਦੇ ਸਮੇਂ ਤੱਕ ਮਨੁੱਖ ਜਾਤੀ ਦਾ ਮਾਰਗ ਦਰਸ਼ਣ ਕਰਨਾ ਸੀ (ਮੱਤੀ 24:35; 28:18-20; ਯੂਹੰਨਾ 16:13; ਗਲਾਤੀਆਂ 1:8, 9; 2 ਤਿਮੋਥਿਉਸ 3:16, 17; ਯਹੂਦਾਹ 3)। ਇਸੇ ਤਰ੍ਹਾਂ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨੂੰ ਇੱਕ "ਨਮੂਨਾ" ਦਿੱਤਾ ਹੈ ਜੋ ਮਸੀਹ ਦੇ ਪਿੱਛੇ ਚੱਲਣਾ ਚਾਹੁੰਦੇ ਹਨ, ਜਿਵੇਂ ਉਸ ਨੇ ਇਸਰਾਏਲ ਨੂੰ ਇੱਕ "ਨਮੂਨਾ" ਦਿੱਤਾ ਸੀ। ਇਸ ਤੋਂ ਇਲਾਵਾ, ਉਹ ਚਾਹੁੰਦਾ ਹੈ ਕਿ ਅਸੀਂ ਉਸ ਦੇ ਹੁਕਮਾਂ ਦੀ ਪਾਲਣਾ ਕਰੀਏ, ਜਿਵੇਂ ਕਿ ਉਸ ਨੂੰ ਇਸਰਾਏਲ ਦੀ ਆਗਿਆਕਾਰੀ ਦੀ ਲੋੜ ਸੀ (ਮੱਤੀ 7:21-24)। ਉਸ ਨਿਰੰਤਰ ਸੰਦੇਸ਼ ਵਿਚ ਕਲੀਸੀਆ ਸ਼ਾਮਲ ਹੈ, ਜਿਸ ਵਿਚ ਬਚਾਏ ਗਏ ਜੋੜੇ ਜਾਂਦੇ ਹਨ (ਰਸੂਲਾਂ ਦੇ ਕਰਤੱਬ 2:47)। ਉਹ ਕਲੀਸੀਆ ਮਸੀਹ ਦੁਆਰਾ ਸਥਾਪਤ ਕੀਤੀ ਗਈ ਸੀ ਅਤੇ ਮਸੀਹ ਦੇ ਦੁਆਰਾ ਬਚਾਈ ਗਈ ਸੀ (ਮੱਤੀ 16:18, 19; ਅਫ਼ਸੀਆਂ 5:23-25); ਮਸੀਹ ਕਲੀਸੀਆ ਦਾ ਸਿਰ ਹੈ (ਕੁਲੁੱਸੀਆਂ 1:18)। ਜਦੋਂ ਇੰਜੀਲ ਦੇ ਪ੍ਰਚਾਰ ਦੇ ਦੁਆਰਾ ਕਲੀਸੀਆਵਾਂ ਸਥਾਪਤ ਕੀਤੀਆਂ ਗਈਆਂ, ਤਾਂ ਉਨ੍ਹਾਂ ਨੂੰ ਪ੍ਰੇਰਿਤ ਲੋਕਾਂ ਦੇ ਦੁਆਰਾ ਉਨ੍ਹਾਂ ਦਾ ਮਾਰਗ ਦਰਸ਼ਣ ਕੀਤਾ ਗਿਆ (ਅਫ਼ਸੀਆਂ 2:19, 20; 3:5)। ਇਸ ਤਰੀਕੇ ਦੇ ਨਾਲ, ਉਹ ਉਸ "ਨਮੂਨੇ" ਦੇ ਅਨੁਸਾਰ "ਬਣਾਈਆਂ" ਗਈਆਂ ਸਨ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਸੀ। ਉਨ੍ਹਾਂ ਵਿਚੋਂ ਕੋਈ ਵੀ ਕਲੀਸੀਆ ਸਿੱਧ ਨਹੀਂ ਸੀ; ਪਰਮੇਸ਼ੁਰ ਦੇ ਦੁਆਰਾ ਦਿੱਤੇ ਗਏ ਨਮੂਨੇ ਦੇ ਅਨੁਸਾਰ ਰਸੂਲਾਂ ਅਤੇ ਨਵੇਂ ਨੇਮ ਦੇ ਹੋਰ ਪ੍ਰੇਰਿਤ ਲੇਖਕਾਂ ਉਨ੍ਹਾਂ ਦਾ ਨਿਆਉਂ ਕੀਤਾ ਗਿਆ।

ਕਿਉਂਕਿ ਮੁੱਢਲੀਆਂ ਕਲੀਸੀਆਵਾਂ ਦੀ ਸਥਾਪਨਾ ਪਰਮੇਸ਼ੁਰ ਦੁਆਰਾ ਦਿੱਤੇ ਗਏ ਇੱਕ ਨਮੂਨੇ ਦੇ ਅਨੁਸਾਰ ਕੀਤੀ ਗਈ ਸੀ, ਇਸ ਲਈ ਜਦੋਂ ਅਸੀਂ ਕਲੀਸੀਆਵਾਂ ਨੂੰ ਸਥਾਪਤ ਕਰਦੇ ਜਾਂ ਉਸਾਰਦੇ ਹਾਂ ਤਾਂ ਅੱਜ ਦੇ ਮਸੀਹੀ ਵੀ ਉਸੇ ਨਮੂਨੇ ਦਾ ਪਾਲਣ ਕਰਨ ਦੇ ਲਈ ਮਜ਼ਬੂਰ ਹਨ। ਸਾਨੂੰ ਉਸ ਇੰਜੀਲ ਦਾ ਪ੍ਰਚਾਰ ਕਰਨ ਦੀ ਲੋੜ ਹੈ ਜਿਸਦਾ ਪ੍ਰਚਾਰ ਉਨ੍ਹਾਂ ਨੇ ਕੀਤਾ ਸੀ ਅੱਜ ਦੇ ਲੋਕਾਂ ਨੂੰ ਉਸੇ ਦੀ ਲੋੜ ਹੈ ਜਿਸ ਦੀ ਲੋੜ ਉਨ੍ਹਾਂ ਲੋਕਾਂ ਨੂੰ ਸੀ ਜੋ ਬਚਾਏ ਗਏ ਸਨ। ਸਾਨੂੰ ਅਧਿਕਾਰ ਦੇ ਸਮਾਨ ਮਿਆਰਾਂ ਨੂੰ ਮਾਨਤਾ ਦੇਣ ਦੀ ਲੋੜ ਹੈ - ਜਿਸ ਨੂੰ ਮਸੀਹ ਦਾ ਅਧਿਕਾਰ ਕਹਿੰਦੇ ਹਨ ਜੋ ਨਵੇਂ ਨੇਮ ਵਿਚ ਪਾਇਆ ਜਾਂਦਾ ਹੈ। ਸਾਡੀਆਂ ਕਲੀਸੀਆਵਾਂ ਵਿਚ, ਸਾਨੂੰ ਉਸੇ ਅਰਾਧਨਾ ਅਤੇ ਸੰਗਠਨ ਦੀ ਲੋੜ ਹੈ ਜੋ ਨਵੇਂ ਨੇਮ ਦੀਆਂ ਕਲੀਸੀਆਵਾਂ ਵਿਚ ਪਾਇਆ ਜਾਂਦਾ ਸੀ। ਸਾਨੂੰ ਮਸੀਹੀ ਜੀਵਨ ਦੇ ਉਨ੍ਹਾਂ ਮਾਪਦੰਡਾਂ ਦੀ ਲੋੜ ਹੈ ਜਿਸ ਦੀ ਲੋੜ ਪਹਿਲੀ ਸਦੀ ਦੇ ਵਿਸ਼ਵਾਸੀਆਂ ਨੂੰ ਸੀ।

ਨਵੇਂ ਨੇਮ ਦਾ ਪਾਲਣ ਕਰਨਾ, ਅਸਲ ਵਿਚ ਇਹ ਹੈ ਕਿ, ਪੁਨਰ ਸਥਾਪਨਾ ਅੰਦੋਲਨ ਵਿਚ ਲੋਕ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਸੀਂ ਦੂਸਰਿਆਂ ਨੂੰ ਕੀ ਕਰਨ ਦੀ ਬੇਨਤੀ ਕਰਦੇ ਹਾਂ।

ਕਦੇ ਕਦੇ ਲੋਕ ਇਸ ਉਦੇਸ਼ ਤੇ ਇਤਰਾਜ਼ ਕਰਦੇ ਹਨ, ਜਿਸ ਨੂੰ ਉਹ "ਨਮੂਨਾ ਧਰਮ-ਸ਼ਾਸਤਰ" ਕਹਿੰਦੇ ਹਨ। ਉਹ ਇਹ ਕਹਿ ਸਕਦੇ ਹਨ, (1) "ਪਰਮੇਸ਼ੁਰ ਜ਼ਰੂਰ ਨਵੇਂ ਨੇਮ ਦਾ ਪਾਲਣ ਨਾ ਕਰਨ ਦੇ ਲਈ ਲੋਕਾਂ ਨੂੰ ਸਜ਼ਾ ਨਹੀਂ ਦੇਵੇਗਾ।" *ਸਾਡਾ ਉੱਤਰ:* ਜੇਕਰ ਪਰਮੇਸ਼ੁਰ ਆਪਣੇ ਨਮੂਨੇ ਦਾ ਪਾਲਣ ਨਾ ਕਰਨ ਦੇ ਲਈ ਉਸ ਸਮੇਂ ਲੋਕਾਂ ਨੂੰ ਸਜ਼ਾ ਦਿੱਤੀ (ਵੇਖੋ ਲੇਵੀਆਂ 10:1, 2), ਤਾਂ ਉਹ ਅੱਜ ਅਜਿਹਾ ਕਿਉਂ ਨਹੀਂ ਕਰੇਗਾ? ਉਹ ਉਹੀ ਪਰਮੇਸ਼ਰ ਹੈ ਅਤੇ ਉਸ ਨੂੰ ਅੱਜ ਵੀ ਉਸੇ ਤਰ੍ਹਾਂ ਆਗਿਆਕਾਰੀ ਦੀ ਲੋੜ ਹੈ ਜਿਵੇਂ ਉਸ ਸਮੇਂ ਸੀ। (2) "ਪਰ ਨਵੇਂ ਨੇਮ ਵਿਚ ਕੋਈ ਸਪੱਸ਼ਟ ਨਮੂਨਾ ਨਹੀਂ ਸੀ, ਕਿਉਂਕਿ ਪਹਿਲੀ ਸ਼ਤਾਬਦੀ ਦੀਆਂ ਕਲੀਸੀਆਵਾਂ ਇੱਕ ਦੂਸਰੇ ਤੋਂ ਭਿੰਨ ਸਨ।" *ਸਾਡਾ ਉੱਤਰ:* ਸ਼ਾਇਦ ਕੁੱਝ ਮਾਮਲਿਆਂ ਵਿਚ ਉਹ ਇੱਕ ਦੂਸਰੇ ਤੋਂ ਵੱਖਰੇ ਹੋ ਸਕਦੇ ਹਨ - ਸੁਵਿਧਾ ਦੇ ਮਾਮਲਿਆਂ ਵਿਚ - ਪਰ ਹੋਰ ਤਰੀਕਿਆਂ ਦੇ ਨਾਲ ਉਹ ਇੱਕ ਦੂਸਰੇ ਦੇ ਸਮਾਨ ਸਨ - ਲੋੜ ਦੇ ਮਾਮਲਿਆਂ ਵਿਚ। ਪਰਮੇਸ਼ੁਰ ਦੇ ਮਨ ਵਿਚ ਇੱਕ ਨਮੂਨਾ ਸੀ ਅਤੇ ਪ੍ਰੇਰਿਤ ਪੁਰਖਾਂ ਤੇ ਪਰਗਟ ਕੀਤਾ ਗਿਆ ਸੀ ਕਿਉਂਕਿ ਸਾਰੀਆਂ ਕਲੀਸੀਆਵਾਂ ਨੂੰ ਸਮਾਨ ਮੁੱਲਾਂ ਦੇ ਨਾਲ ਜਾਂਚਿਆ ਜਾਂਦਾ ਸੀ: ਨਮੂਨਾ ਜੋ ਪਰਮੇਸ਼ੁਰ ਨੇ ਰਸੂਲਾਂ ਤੇ ਪਰਗਟ ਕੀਤਾ ਸੀ। (3) "ਯਕੀਨੀ ਤੌਰ ਤੇ, ਪਰਮੇਸ਼ੁਰ ਵੇਰਵਿਆਂ ਦੀ ਪਰਵਾਹ ਨਹੀਂ ਕਰਦਾ; ਸਿਰਫ ਉਹ ਸਾਨੂੰ ਉਸ ਸਮੇਂ ਸਜ਼ਾ ਦੇਵੇਗਾ ਜਦੋਂ ਅਸੀਂ ਵੱਡੇ ਮਾਮਲਿਆਂ ਵਿਚ ਗਲਤ ਹੋਵਾਂਗੇ।" *ਸਾਡਾ ਉੱਤਰ:* ਸ਼ਾਇਦ ਅਜਿਹਾ ਹੋਵੇ, ਪਰ ਕੌਣ ਨਿਰਧਾਰਤ ਕਰਦਾ ਹੈ ਕਿ ਕਿਹੜੇ ਮਾਮਲੇ "ਵੱਡੇ" ਹਨ ਅਤੇ ਕਿਹੜੇ ਨਹੀਂ? ਕੂਚ ਦੀ ਪੁਸਤਕ ਇਹ ਦਰਸਾਉਂਦੀ ਹੈ ਕਿ ਕਈ ਚੀਜ਼ਾਂ ਜਿਨ੍ਹਾਂ ਨੂੰ ਅਸੀਂ "ਮਾਮੂਲੀ" ਕਹਾਂਗੇ, ਉਹ ਪਰਮੇਸ਼ੁਰ ਦੇ ਦੁਆਰਾ "ਵੱਡੀਆਂ" ਮੰਨੀਆਂ ਜਾਂਦੀਆਂ ਹਨ, ਕਿਉਂਕਿ ਉਹ ਲੋਕਾਂ ਨੂੰ ਇਸ ਪ੍ਰਕਾਰ ਸਜ਼ਾ ਦਿੰਦਾ ਹੈ।

*ਸਿੱਟਾ।* ਪਰਮੇਸ਼ੁਰ ਨੇ ਮੂਸਾ ਅਤੇ ਇਸਰਾਏਲ ਨੂੰ ਕਿਹਾ ਕਿ "ਸਾਰੀਆਂ ਚੀਜ਼ਾਂ ਨੂੰ ਨਮੂਨੇ ਦੇ ਅਨੁਸਾਰ ਬਣਾਈਂ।" ਸਾਨੂੰ ਵੀ ਅੱਜ ਉਸੇ ਸਿਧਾਂਤ ਦਾ ਪਾਲਣ ਕਰਨ ਦੀ ਲੋੜ ਹੈ। ਜੇਕਰ ਅਸੀਂ ਉਹ ਕਰਦੇ ਹਾਂ ਜੋ ਨਵੇਂ ਨੇਮ ਦੇ ਸਮੇਂ ਦੇ ਲੋਕਾਂ ਨੇ ਮਸੀਹੀ ਬਣਨ ਦੇ ਲਈ ਅਤੇ ਬੰਦਗੀ ਕਰਨ ਅਤੇ ਮਸੀਹੀਆਂ ਦੀ ਤਰ੍ਹਾਂ ਜੀਵਨ ਗੁਜ਼ਾਰਣ ਦੇ ਲਈ ਕੀਤਾ ਸੀ, ਤਾਂ ਅਸੀਂ ਮਸੀਹੀ ਹੋਵਾਂਗੇ ਜਿਵੇਂ ਉਹ ਸਨ; ਅਤੇ ਅਸੀਂ ਪਰਮੇਸ਼ੁਰ ਨੂੰ ਪ੍ਰਸੰਨ ਕਰਾਂਗੇ।

### ਅਸੀਂ ਵਾਪਸ ਆ ਸਕਦੇ ਹਾਂ (39:1)

ਕੁੱਝ ਸਮਾਂ ਪਹਿਲਾਂ ਇੱਕ ਟੈਲੀਵਿਜ਼ਨ ਦੀ ਮਸ਼ਹੂਰੀ ਵਿਚ ਕਿਸੇ ਦੁਆਰਾ ਲੋਕਾਂ ਨੂੰ ਇਹ ਕਹਿੰਦੇ ਵਿਖਾਇਆ ਗਿਆ ਸੀ, "ਮੈਂ ਵਾਪਸ ਆ ਗਿਆ ਹਾਂ, ਜੋ ਉਸ ਦੇ ਕਿਸੇ ਪੁਰਾਣੀ ਚੀਜ਼ ਨੂੰ ਦੁਬਾਰਾ ਖਰੀਦਣ ਦੇ ਫ਼ੈਸਲੇ ਦਾ ਉਲੇਖ ਕਰ ਰਿਹਾ ਸੀ ਜਿਸ ਨੂੰ ਉਨ੍ਹਾਂ ਨੇ ਇਸ ਲਈ ਛੱਡ ਦਿੱਤਾ ਸੀ ਕਿ ਇੱਕ ਨਵੀਂ ਚੀਜ਼ ਨੂੰ ਵਰਤ ਸਕਣ ਜੋ ਘਟੀਆ ਨਿਕਲੀ।" ਕੂਚ 39:1 ਵਿਚ, ਅਸੀਂ ਸਿੱਖਿਆ ਹੈ ਕਿ ਇਸਰਾਏਲ "ਵਾਪਸ ਮੁੜੇ।" ਭਾਵੇਂ ਇਸਰਾਏਲੀ ਪੂਰੀ ਤਰ੍ਹਾਂ ਦੇ ਨਾਲ ਅਤੇ ਭਿਆਨਕ ਤਰੀਕੇ ਨਾਲ ਡਿੱਗ ਪਏ ਸਨ, ਅਤੇ ਪਰਮੇਸ਼ੁਰ ਨੇ ਕੌਮ ਨੂੰ ਸਜ਼ਾ ਦਿੱਤੀ ਸੀ, ਪਰ ਲੋਕ ਵਾਪਸ ਮੁੜੇ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਸੀ। ਫਿਰ ਲੋਕਾਂ ਨੇ, ਆਪਣੇ ਪਰਾਸਚਿਤ ਦੇ ਸਬੂਤ ਵਿਚ, ਬਿਲਕੁਲ ਉਸੇ ਤਰ੍ਹਾਂ ਕੀਤਾ ਜਿਵੇਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਸੀ। ਜਿਵੇਂ ਇਸਰਾਏਲੀ ਵਾਪਸ ਮੁੜੇ ਸਨ, ਉਸੇ ਤਰ੍ਹਾਂ ਅਸੀਂ ਵੀ ਮੁੜ ਸਕਦੇ ਹਾਂ। ਭਾਵੇਂ ਅਸੀਂ ਕਿੰਨੇ ਵੀ ਪਾਪੀ ਕਿਉਂ ਨਾ ਹੋਈਏ, ਭਾਵੇਂ ਅਸੀਂ ਕੁੱਝ ਵੀ ਗਲਤ ਕਿਉਂ ਨਾ ਕੀਤਾ ਹੋਵੇ, ਅਸੀਂ ਵਾਪਸ ਆ ਸਕਦੇ ਹਾਂ ਅਤੇ ਪੂਰੀ ਤਰ੍ਹਾਂ ਆਗਿਆਕਾਰੀ ਹੋ ਸਕਦੇ ਹਾਂ। ਜੇਕਰ ਪਰਮੇਸ਼ੁਰ ਇਸਰਾਏਲੀਆਂ ਨੂੰ ਵਾਪਸ ਗ੍ਰਹਿਣ ਕਰ ਸਕਦਾ

ਹੈ, ਜੇਕਰ ਯਿਸੂ ਪਤਰਸ ਨੂੰ ਵਾਪਸ ਗ੍ਰਹਿਣ ਕਰ ਸਕਦਾ ਹੈ, ਜੇਕਰ ਮਸੀਹ ਕਲੀਸੀਆ ਨੂੰ ਸਤਾਉਣ ਵਾਲੇ ਸ਼ਾਊਲ ਨੂੰ ਇਸਤੇਮਾਲ ਕਰ ਸਕਦਾ ਹੈ, ਤਾਂ ਪਰਮੇਸ਼ੁਰ ਸਾਨੂੰ ਵੀ ਵਾਪਸ ਗ੍ਰਹਿਣ ਕਰ ਸਕਦਾ ਹੈ ਅਤੇ ਕਰੇਗਾ। ਫਿਰ ਅਸੀਂ, ਇਸਰਾਏਲ ਦੇ ਵਾਂਗ, "ਬਿਲਕੁਲ ਪਰਮੇਸ਼ੁਰ ਦੇ ਹੁਕਮ ਦੇ ਮੁਤਾਬਿਕ" ਕਰ ਸਕਦੇ ਹਾਂ।

**ਸਮਰਪਣ ਦੇ ਨਾਲ ਅਗਵਾਈ (39:33)**

ਇਹ ਤੱਥ ਕਿ "ਓਹ ਡੇਹਰਾ ਮੂਸਾ ਕੋਲ ਲਿਆਏ" ਦਾ ਅਰਥ ਹੈ ਕਿ ਮੂਸਾ ਨੇ ਵਿਅਕਤੀਗਤ ਤੌਰ ਨਾਲ ਕੰਮ ਦੀ ਦੇਖਭਾਲ ਨਹੀਂ ਕੀਤੀ ਸੀ; ਉਹ ਕੰਮ ਕਰਨ ਵਾਲਿਆਂ ਦੇ ਮੋਢਿਆਂ ਤੇ ਚੜ੍ਹ ਕੇ ਇਸ ਗੱਲ ਨੂੰ ਨਹੀਂ ਵੇਖ ਰਿਹਾ ਸੀ ਕਿ ਹਰ ਇੱਕ ਕਿੱਲ ਸਹੀ ਜਗਾ ਤੇ ਠੋਕਿਆ ਗਿਆ ਹੈ ਕਿ ਨਹੀਂ, ਹਰ ਬੋਰਡ ਦੀ ਲੰਬਾਈ ਬਿਲਕੁਲ ਠੀਕ ਹੈ ਕਿ ਨਹੀਂ, ਹਰ ਇੱਕ ਟਾਂਕਾ ਸਿੱਧਾ ਲੱਗਾ ਹੈ ਕਿ ਨਹੀਂ। ਕੰਮ ਦੀ ਨਿਗਰਾਨੀ ਵਿਸ਼ੇਸ਼ ਗੁਣਾਂ ਵਾਲੇ ਕਰਮਚਾਰੀਆਂ ਦੇ ਦੁਆਰਾ ਕੀਤੀ ਗਈ ਸੀ। ਕੰਮ ਪੂਰਾ ਹੋਣ ਤੋਂ ਬਾਅਦ ਹੀ ਪੂਰਾ ਕੀਤਾ ਗਿਆ ਉਤਪਾਦ ਮੂਸਾ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਮੂਸਾ ਦੀ ਅਗਵਾਈ ਵਾਲੀ ਸ਼ੈਲੀ ਅੱਜ ਦੇ ਆਗੂਆਂ ਦੇ ਲਈ ਵਧੀਆ ਮਿਸਾਲ ਪੇਸ਼ ਕਰਦੀ ਹੈ।

**"ਮੂਸਾ ਨੇ ਉਨ੍ਹਾਂ ਨੂੰ ਅਸੀਸ ਦਿੱਤੀ" - ਚਾਰੇ ਪਾਸਿਓਂ ਅਸੀਸ (39:43)**

ਅਧਿਆਇ 39 ਇਨ੍ਹਾਂ ਸ਼ਬਦਾਂ ਦੇ ਨਾਲ ਸਮਾਪਤ ਹੁੰਦਾ ਹੈ: "ਸੋ ਮੂਸਾ ਨੇ ਉਨ੍ਹਾਂ ਨੂੰ ਅਸੀਸ ਦਿੱਤੀ।" ਡੇਹਰੇ ਦਾ ਕੰਮ ਸਮਾਪਤ ਹੋ ਚੁੱਕਿਆ ਸੀ। ਸਿਰਫ ਉਸ ਨੂੰ ਸਥਾਪਤ ਕਰਨਾ ਅਤੇ ਪਵਿੱਤਰ ਕਰਨਾ ਬਾਕੀ ਸੀ। ਮੂਸਾ ਨੇ ਕੰਮ ਦੀ ਜਾਂਚ ਕੀਤੀ ਅਤੇ ਵੇਖਿਆ ਕਿ ਸਭ ਕੁੱਝ ਚੰਗੀ ਤਰ੍ਹਾਂ ਦੇ ਨਾਲ ਕੀਤਾ ਗਿਆ ਸੀ। ਉਸ ਨੇ ਕੰਮ ਕਰਨ ਵਾਲੇ ਲੋਕਾਂ ਨੂੰ ਅਸੀਸ ਦੇ ਕੇ ਆਪਣੀ ਪ੍ਰਵਾਨਗੀ ਦਿੱਤੀ। ਮੂਸਾ ਦੀ ਅਸੀਸ ਸਾਨੂੰ ਕੁੱਝ ਮਹੱਤਵਪੂਰਣ ਸੱਚਾਈਆਂ ਦੀ ਯਾਦ ਦਿਵਾਉਂਦੀ ਹੈ। (1) ਪਰਮੇਸ਼ੁਰ ਨੇ ਆਪਣੀ ਰਚਨਾ ਨੂੰ ਅਸੀਸ ਦਿੱਤੀ ਸੀ (ਉਤਪਤ 1:22, 28)। ਡੇਹਰੇ ਦਾ ਨਿਰਮਾਣ ਇੱਕ ਕਿਸਮ ਦੀ ਨਵੀਂ ਰਚਨਾ ਸੀ। (2) ਸਾਨੂੰ ਦੂਜਿਆਂ ਨੂੰ "ਅਸੀਸ" ਦੇਣੀ ਚਾਹੀਦੀ ਹੈ - ਅਰਥਾਤ, ਉਨ੍ਹਾਂ ਦੇ ਕੀਤੇ ਚੰਗੇ ਕੰਮਾਂ ਦੇ ਲਈ ਉਨ੍ਹਾਂ ਦੀ ਸਿਫਤ ਕਰਨੀ ਚਾਹੀਦੀ ਹੈ (1 ਥੱਸਲੁਨੀਕੀਆਂ 1:2, 3)। (3) ਸਾਡੇ ਕੋਲ ਇਸ ਜੀਵਨ ਵਿਚ ਧੰਨ ਹੋਣ ਦਾ ਮੌਕਾ ਹੈ (ਮੱਤੀ 5:3-12; ਰਸੂਲਾਂ ਦੇ ਕਰਤੱਬ 20:35)। (4) ਸਾਡੇ ਕੋਲ ਸਦੀਪਕਾਲ ਦੇ ਲਈ ਧੰਨ ਹੋਣ ਦੀ ਆਸ ਹੈ (ਮੱਤੀ 25:34; ਪਰਕਾਸ਼ ਦੀ ਪੋਥੀ 14:13)।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 233. [2]ਜੌਨ ਆਈ. ਡਰਹਮ, *ਐਕਸੋਡਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 492. [3]ਉਸੇ ਸਥਾਨ ਤੇ, 388. [4]ਪਰਮੇਸ਼ੁਰ ਦੀਆਂ ਮੂਲ ਹਿਦਾਇਤਾਂ ਅਤੇ ਸਾਰ ਦੀ ਤੁਲਨਾ ਕਰਨ ਦੇ ਲਈ ਅਜਿਹੇ ਹੀ ਚਾਰਟ ਲਈ, 31:7-11 ਦੇ ਵਿਸ਼ੇ ਵਿਚ ਟਿੱਪਣੀਆਂ ਵੇਖੋ। [5]ਡਬਲਿਯੂ. ਐੱਚ. ਗਿਸਪਨ, *ਐਕਸੋਡਸ*, ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੇਂਟਸ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ, 1978), 330. [6]ਇਹ ਵਿਚਾਰ ਕਈ ਟਿੱਪਣੀਕਾਰਾਂ ਦੇ ਰਾਹੀਂ ਵਿਅਕਤ ਕੀਤਾ ਗਿਆ ਹੈ, ਜਿਵੇਂ ਪੀਟਰ ਐਨਸ, *ਐਕਸੋਡਸ,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 550.